# ਪ੍ਰਭੂ ਭੋਜ

…ਮੇਰੇ ਗਲੇ ਵਿੱਚ ਬਹੁਤ ਵਾਰੀ, ਏਰਿਜ਼ੋਨਾ ਵਿੱਚ ਪੰਧਰਾਂ ਬੰਦਗੀਆਂ। ਬਹੁਤ ਹੀ ਅਦਭੁਤ ਸਮਾਂ ਰਿਹਾ। ਪ੍ਰਭੂ ਯਿਸੂ ਨੇ ਸਾਨੂੰ ਬਹੁਤਾਇਤ ਅਤੇ ਵੱਧ ਤੋਂ ਵੱਧ ਬਰਕਤ ਦਿੱਤੀ। ਉਹਨਾਂ ਨੇ ਪ੍ਰਭੂ ਦੇ ਢੰਗ ਤਰੀਕੇ ਨਾਲ ਥੋੜ੍ਹਾ ਬਹੁਤਾ ਕੰਮ ਕਰਨ ਦਾ ਯਤਨ ਕੀਤਾ। ਮੈਂ ਮੰਨਦਾ ਹਾਂ ਕਿ ਉਹ ਇਹ ਕੰਮ ਕਰਨ ਦਾ ਠੀਕ ਢੰਗ ਹੋਵੇਗਾ। ਪਹਿਲਾਂ ਜਾ ਕੇ ਤੇ ਉਸ ਜਗ੍ਹਾ ਨੂੰ ਆਤਮਕ ਢੰਗ ਨਾਲ ਕਰਨਾ। ਮੈਂ ਮੁਕਰਰ ਸਮੇਂ ਤੋਂ ਕਈ ਦਿਨ ਪਹਿਲਾਂ ਉੱਥੇ ਚਲਿਆ ਗਿਆ ਸੀ। ਮੈਂ ਫਿਊਨਿਕਸ ਸ਼ਹਿਰ ਦੇ ਅੰਦਰ ਸਨੀਸਲੋਮ ਟੈਮਪੇ ਅਤੇ ਮੇਸਾ ਅਤੇ ਉਹਨਾਂ ਸਭਨਾਂ ਥਾਵਾਂ ਤੇ ਸਭ ਵੱਡੇ ਗਿਰਜਿਆਂ ਵਿੱਚ ਦੱਸ ਜਾਂ ਬਾਰਾਂ ਬੰਦਗੀਆਂ ਕੀਤੀਆਂ। ਅਤੇ ਇੱਕ ਢੰਗ ਨਾਲ ਸਾਰਾ ਆਲਾ ਦੁਆਲਾ ਆਤਮਿਕ ਢੰਗ ਨਾਲ ਗਰਮ ਕੀਤਾ ਅਤੇ ਤਦ ਪੰਜਾਂ ਰਾਤਾਂ ਦੇ ਸਮੇਲਨ ਦੀ ਅਗੁਵਾਈ ਕੀਤੀ। ਅਤੇ ਇਹ ਸਾਡੀ ਉੱਤਰੀ ਅਮਰੀਕਾ ਦੀ ਸਭ ਤੋਂ ਵੱਡੀ ਕੰਨਵੇਨਸ਼ਨ ਸੀ। ਇਹ ਇੱਕ ਮਹਾਨ ਸੀ। ਸਭ ਤੋਂ ਵੱਡਾ ਸ਼ਾਹਵੇਲਾ ਅਤੇ—ਅਤੇ ਉਸ ਰਾਤ ਬਹੁਤ ਵੱਡਾ ਰਾਜ ਸ਼ਾਹੀ ਦਾਵਤ ਵਾਲਾ ਭੋਜਨ ਸੀ।

2 ਮੈਂ ਇਹ ਨਹੀਂ ਕਹਿ ਸਕਦਾ ਕਿ ਕਿੰਨਿਆਂ ਨੇ ਪਵਿੱਤਰ ਆਤਮਾ ਪਾਇਆ। ਇਹ—ਬਹੁਤ ਅਚਰਜ ਗੱਲ ਸੀ। ਬਹੁਤ ਸਾਰਿਆਂ ਨੇ ਪਵਿੱਤਰ ਆਤਮਾ ਪਾਇਆ। ਅਤੇ—ਅਤੇ ਕਿੰਨਿਆਂ ਨੇ ਸ਼ਿਫ਼ਾ ਪਾਈ ਤੇ ਬਚ ਗਏ, ਇਹ—ਇਹ ਕਿੰਨਾ ਅਦਭੁਤ ਹੈ। ਜਦ ਅਸੀਂ ਸਮੇਂ ਨੂੰ ਬੀਤਦਾ ਵੇਖਦੇ ਹਾਂ ਤਾਂ ਅਸੀਂ ਪਰਮੇਸ਼ਵਰ ਦੇ ਬਹੁਤ ਸ਼ੁੱਕਰ ਗੁਜਾਰ ਹਾਂ। ਬਹੁਤ ਸਾਰੇ ਮਹਾਨ ਆਦਮੀ ਆਏ ਸਨ।

3 ਭਾਈ ਨੇਵਿਲ ਇਹ ਬੰਦਗੀਆਂ ਬਹੁਤ ਭਲਾਈ ਪੈਦਾ ਕਰਨਗੀਆਂ। ਮੈਂ ਦੇਸ਼ ਦੇ ਸਭ ਤੋਂ ਵੱਡੇ ਪ੍ਰੈਸਬਾਇਟੇਰਿਅਨ ਕਾਲਜ ਦੇ ਇੱਕ ਪ੍ਰੇਸਬਾਇਟੇਰਿਅਨ ਸੇਵਾਦਾਰ ਨੂੰ ਆਤਮਾ ਵਿੱਚ ਨੱਚਦੇ ਵੇਖਿਆ ਹੈ। ਔਹ, ਮੇਰਿਆ, ਇਹ ਸੱਚ ਵਿੱਚ ਕੋਈ ਗੱਲ ਸੀ ਉਸਨੇ ਪਵਿੱਤਰ ਆਤਮਾ ਪਾਇਆ। ਅਤੇ ਤਦ ਉਹਨੇ ਮੈਨੂੰ ਦੱਸਿਆ, ਉਹਨੇ ਕਿਹਾ, "ਮੇਰੇ ਕੋਲ ਤੁਹਾਡੀਆਂ ਟੇਪਾਂ ਵਿੱਚੋਂ ਇੱਕ ਟੇਪ ਹੈ"। ਉਹਨੇ ਕਿਹਾ, "ਇਹ ਬਹੁਤ ਹੀ ਵਧੀਆ ਤਾਂ ਨਹੀਂ ਸੀ"। ਕਿਹਾ, "ਇਹ ਤਾਂ ਭੂੜਕਣ ਵਾਲੀ ਕਿਸਮ ਦੀ ਸੀ, ਪ੍ਰੰਤੂ," ਕਿਹਾ, "ਮੈਂ ਇਹਨੂੰ ਸਿੱਧਾ ਆਪਣੇ ਕਾਲਜ ਲਈ ਗਿਆ ਅਤੇ ਉੱਥੇ ਜਾਂ ਇਹ ਵਜਾਈ"। ਅਤੇ ਉਹਨਾਂ ਨੇ ਕਿਹਾ… ਉੱਥੇ ਇੱਕ ਮਨੋਵਿਗਿਆਨ ਦਾ ਵੱਡਾ ਆਦਮੀ ਹੋਣ ਦੇ ਨਾਤੇ, ਉਹਨਾਂ ਨੇ

ਸਭਨਾਂ ਨੂੰ ਚੁੱਪ ਰੱਖਿਆ। "ਚੰਗਾ, ਭਾਈ ਜਿਦਾਂ ਕਿੱਦਾਂ ਵੀ ਹੋਵੇ ਉਹਨਾਂ ਇੱਕ ਵਾਰ ਇਹਨੂੰ ਜਰੂਰ ਸੁਣਨਾ ਹੈ," ਉਹਨੇ ਕਿਹਾ। ਅਤੇ ਉਹਨੇ ਕਿਹਾ ਕਿ ਉਹਦੇ ਕੋਲ...

4 ਅਤੇ ਉਹਨੇ ਕਿਹਾ, ਉਹ ਆਪਣੀ ਕਲੀਸੀਆ ਵਿੱਚ ਪਵਿੱਤਰ ਆਤਮਾ ਪਾਉਣ ਦੇ ਬਾਅਦ ਆਤਮਾ ਵਿੱਚ ਨੱਚਣ ਲੱਗ ਪਿਆ। ਅਤੇ ਉਹਨਾਂ ਨੇ ਕਿਹਾ, "ਆਦਰਯੋਗ ਪਾਦਰੀ ਸਾਹਬ ਤੁਸੀਂ ਨਵਾਂ ਕਦਮ ਰੱਖਣਾ ਕਦੋਂ ਸਿੱਖੋਗੇ?"

5 ਉਹਨੇ ਕਿਹਾ, "ਮੇਰੀ ਸੰਗਤ ਇਸਨੂੰ ਸਿੱਖ ਲਵੇਗੀ"। ਤੁਸੀਂ ਜਾਣਦੇ ਹੋ, ਪ੍ਰੇਸਬਾਇਟੇਰਿਅਨ ਗਿਰਜੇ ਦੇ ਵੱਡੇ ਵਡੇਰਿਆਂ ਨੇ, ਸੋਚਿਆ ਇਹ ਤਾਂ ਬਹੁਤ ਹੀ ਬੱਚਿਆਂ ਵਾਲੀ ਗੱਲ ਜਾਪਦੀ ਹੈ। ਹਾਂ ਜੀ, ਉਹਨੇ ਕਿਹਾ, "ਜਦ ਮੇਰੀ ਮੰਡਲੀ ਇਸ ਕਦਮ ਨੂੰ ਸਿੱਖ ਲਵੇਗੀ"। ਸੋ ਇਹ ਚੰਗੀ ਗੱਲ ਹੈ। ਛੋਟੇ ਬੱਚੇ ਵਾਂਗ ਸਿਰਫ਼ ਨਵਾਂ ਅਤੇ ਤਦ ਵੀ ਉਹ ਰਿਹਾ ਹੈ ਠੀਕ ਹੈ, ਤੁਸੀਂ ਜਾਣਦੇ ਹੋ ਕਿ ਉਹਨੇ ਕੀ ਹੋਣਾ ਬੋਸਟੋਨ ਵਿੱਚ ਸਥਿਤ ਪ੍ਰੇਸਬਾਇਟੇਰਿਅਨ ਦੇ ਸਭ ਤੋਂ ਮਹਾਨ ਕਾਲਜ ਮਨੋਵਿਗਿਆਨ ਦਾ ਉੱਚ ਅਧਿਆਪਕ ਹੋਣਾ ਸੀ, ਠੀਕ ਹੈ ਇਹ ਸ਼ਹਿਰ ਸੰਯੁਕਤ ਰਾਸ਼ਟਰ ਵਿੱਚ ਹੈ।

6 ਮੈਂ ਅਮਰੀਕਾ ਦੇ ਮਇਓ ਚਕਿਤਸਾ ਦੇ ਸਿਰ ਅਤੇ ਦਿਲ ਦੇ ਮਾਹਿਰ ਚੀਰ ਫਾੜ ਕਰਨ ਵਾਲੇ ਵੈਦ ਨੂੰ ਆਤਮਾ ਵਿੱਚ ਸੁਸਮਾਚਾਰ ਦਾ ਪ੍ਰਚਾਰ ਕਰਦੇ ਹੋਏ ਅਤੇ ਗੈਰਜੁਬਾਨਾਂ ਬੋਲਦੇ ਹੋਏ ਵੇਖਿਆ ਹੈ, ਔਹ ਮੇਰਿਆ! ਮੈਂ ਇੱਕ ਹੋਰ ਮਾਹਿਰ ਨੂੰ ਵੇਖਿਆ ਹੈ ਜੋ ਸੱਤਵੇ ਦਿਨ ਦੀ ਮਿਸ਼ਨ ਦਾ ਸੀ...ਉਹ ਦਿਲ—ਅਤੇ—ਗਲੇ ਦਾ ਖਾਸ ਡਾਕਟਰ ਸੀ। ਅਤੇ ਉਹ ਬਜੁਰਗ ਆਦਮੀ ਨੇ ਪਵਿੱਤਰ ਆਤਮਾ ਦਾ ਬਪਤੀਸਮਾ ਲਿਆ। ਉਸਨੇ ਪਵਿੱਤਰ ਆਤਮਾ ਪਾਇਆ। ਇੱਕ ਰਾਤ ਮੈਂ ਵਿਹੜੇ ਵਿੱਚ ਉਹਦੇ ਉੱਤੇ ਹੱਥ ਰੱਖੇ ਤੇ ਉਹਨੇ ਪਵਿੱਤਰ ਆਤਮਾ ਪਾਇਆ। ਸੋ ਸਾਡੇ—ਪ੍ਰਭੂ ਨੇ ਬਹੁਤ ਸਾਰੇ ਕੰਮ ਕੀਤੇ ਅਤੇ ਅਸੀਂ ਉਹਨਾਂ ਲਈ ਪ੍ਰਭੂ ਦੇ ਸ਼ੁੱਕਰਗੁਜਾਰ ਹਾਂ ਅਤੇ ਖਾਸ ਤੌਰ ਤੇ ਇਸ ਉੱਤੇ ਵੇਖਦੇ ਹੋਏ।

7 ਤਦ ਮੈਂ ਉਹਨਾਂ ਨੂੰ ਕਿਹਾ, "ਕੀ ਤੁਸੀਂ ਮਹਿਸੂਸ ਹੋ ਕਿ ਇਹ ਕਿਹੜੀ ਘੜੀ ਹੈ ਜਦੋਂ ਕਿ ਸੁੱਤੀਆਂ ਹੋਈਆਂ ਕੁਨਵਾਰੀਆਂ ਤੇਲ ਮੰਗਣਾ ਸ਼ੁਰੂ ਕਰਦੀਆਂ ਹਨ?" ਤੇ ਇਹੋ ਹੀ ਸਮਾਂ ਸੀ ਜਦੋਂ ਲਾੜਾ ਆਇਆ ਉਹ ਲੋਕ ਜੋ ਤਿਆਰ ਸਨ ਉਹਦੇ ਨਾਲ ਅੰਦਰ ਗਏ। ਔਹ, ਮੈਂ ਇਹ ਜਾਣ ਕੇ ਬਹੁਤ ਖੁਸ਼ ਹਾਂ ਅਸੀਂ ਇੱਥੇ ਅੰਤ ਦੇ ਦਿਨਾਂ ਵਿੱਚ ਰਹਿ ਰਹੇ ਹਾਂ। ਵੇਖਿਆ? ਮੈਂ ਨਿਹਚਾ ਕਰਦਾ ਹਾਂ ਕਿ ਜਿਹਨਾਂ ਤੋਂ ਸੰਸਾਰ ਜਾਣੂ ਰਿਹਾ ਹੈ ਉਹਨਾਂ ਡਾਡੇ ਸਮਿਆਂ ਵਿੱਚੋਂ ਇੱਕ ਵਿੱਚ ਅਸੀਂ ਰਹਿ ਰਹੇ ਹਾਂ, ਪ੍ਰਭੂ ਦੀ ਆਮਦ ਦੇ ਤਿਉਹਾਰ ਦੇ ਬਿਲਕੁਲ ਨੇੜੇ। ਕੀ ਇਹ ਅਦਭੁਤ ਗੱਲ ਨਹੀਂ ਹੈ? ਸੋਚੋ, ਸਭਨਾਂ ਸਮਿਆਂ ਨਾਲੋਂ ਹੁਣ ਵਧੇਰੇ

ਸਾਰੀਆਂ ਲਿਖਤਾਂ ਲੱਗਭਗ ਪੂਰੀਆਂ ਹੋ ਚੁੱਕੀਆਂ ਹਨ। ਅਸੀਂ ਉਸਨੂੰ ਕਿਸੇ ਵੀ ਪਲ ਆ ਜਾਣ ਦੇ ਲਈ ਉਡੀਕ ਰਹੇ ਹਾਂ। ਸਾਨੂੰ ਇਸ ਕਿਸਮ ਦੀਆਂ ਉਡੀਕਾਂ ਵਿੱਚ ਰਹਿਣਾ ਚਾਹੀਦਾ ਹੈ ਕਿ ਉਹਦਾ ਆਉਣਾ ਕਿਸੇ ਵੀ ਸਮੇਂ ਹੋ ਸਕਦਾ ਹੈ। ਪ੍ਰਾਰਥਨਾ ਕਰ ਕੇ, ਤਿਆਰ ਰਹੋ!

8 ਕੁਝ ਅੱਜ ਦੀਆਂ ਮੁਲਾਕਾਤਾਂ ਵਿੱਚ ਮੈਂ ਫਰਮੋਸ ਦੇ ਇੱਕ ਮਿਸ਼ਨਰੀ ਨੂੰ ਮਿਲਿਆ, ਇਹ ਬਹਾਦੁਰ ਔਰਤ, ਤਿਹੱਤਰ ਵਰ੍ਹਿਆਂ ਦੀ ਬਜੁਰਗ ਲੱਗਭਗ ਹੋਰ ਪੰਤਾਲੀ ਸਾਲ ਜੀਏਗੀ। ਅਤੇ ਉਹ ਅਜੇ ਵੀ ਕੁੰਵਾਰੀ ਸੀ ਤੇ ਬਹੁਤ ਹੀ ਸੋਹਣੀ ਕੁੜੀ ਰਹੀ ਹੋਵੇਗੀ। ਅਤੇ ਉਹਨੇ ਕਿਹਾ ਕਿ ਉਹਦਾ ਪਾਲਣ ਪੋਸ਼ਣ ਇੱਕ ਅਜਿਹੇ ਮਸੀਹੀ ਘਰਾਣੇ ਵਿੱਚ ਹੋਇਆ ਹੈ ਜਿੱਥੇ "ਹਾਂ" ਦਾ ਮਤਲਬ ਹਾਂ ਅਤੇ "ਨਾਹ" ਦਾ ਮਤਲਬੱ ਨਾਹ ਸੀ। ਉਹ ਉਸ ਸਖਤ ਸਿੱਖਿਆ ਦੇ ਅਧੀਨ ਪਲੀ ਸੀ। ਅਤੇ ਉਹਨੇ ਕਿਹਾ, "ਭਾਈ ਬ੍ਰਾਨਹਮ, ਲੱਗਭਗ ਅੱਠ ਸਾਲ ਦੀ ਉਮਰ ਵਿੱਚ, ਓਹ," ਮੈਨੂੰ ਇੱਕ ਜਥੇਬੰਦੀ ਦੇ ਸੇਵਾਦਾਰ ਨੇ ਭਰਮਾਇਆ ਕਿ ਮੈਨੂੰ ਦੂਜੀ ਬਰਕਤ ਵੀ ਲੈਣੀ ਜਰੂਰੀ ਹੈ। ਅਤੇ ਉਹਨੇ ਕਿਹਾ, "ਮੈਂ ਇਸ ਵਿੱਚ ਬਹੁਤ ਧੋਖਾ ਖਾਧਾ। ਪਰ ਕਿਹਾ ਕਿ ਸਤਾਰਾਂ ਸਾਲਾਂ ਦੀ ਉਮਰ ਵਿੱਚ ਮੈਂ ਸੱਚਮੁੱਚ ਪਵਿੱਤਰ ਆਤਮਾ ਪਾਇਆ"। ਅਤੇ ਹੁਣ ਉਹ ਵਾਪਸ ਇੱਥੇ ਆ ਕੇ ਸੋ ਰਹੇ ਬੈਪਟਿਸਟ ਗਿਰਜਿਆਂ ਨੂੰ ਜਗਾਉਣ ਦਾ ਯਤਨ ਕਰ ਰਹੀ ਹੈ। ਉਹਨੇ ਕਿਹਾ ਕਿ ਜੇ—ਜੇ ਉਸਨੇ ਕੁਝ "ਮਰਿਆ ਹੋਇਆ" ਵੇਖਿਆ ਹੈ, ਉਹ ਆਪ ਵੀ ਬੈਪਟਿਸਟ ਹੈ, ਉਹਨੇ ਕਿਹਾ, "ਉਹ ਸਭ ਬੈਪਟਿਸਟ ਗਿਰਜੇ ਹਨ", ਉਹਨੇ ਇਹਨਾਂ ਨੂੰ "ਕਬਰਿਸਤਾਨ" ਕਿਹਾ।

9 ਮੈਂ ਕਿਹਾ, "ਠੀਕ ਹੈ, ਜਦ ਤੁਸੀਂ ਯੁੱਧ ਦੇ ਅਗਾੜੀ ਹੋ…" ਮੈਂ ਸੋਚਦਾ ਹਾਂ ਕਿ ਜਰਾ ਸੋਚੋ ਉਹ…ਮੈਂ ਬਵੰਜਾ ਸਾਲ ਦਾ ਹਾਂ, ਮੇਰੇ ਜਨਮ ਲੈਣ ਤੋਂ ਪਹਿਲਾਂ ਹੀ ਉਹ ਮਿਸ਼ਨਰੀ ਸੇਵਾ ਦੇ ਲਈ ਬਾਹਰ ਜਾਂ ਚੁੱਕੀ ਸੀ। ਤਦ ਮੈਂ ਸੋਚਦਾ ਹਾਂ ਕਿ ਮੈਂ ਤਾਂ ਬਹੁਤ ਬਜੁਰਗ ਸੇਵਾ ਦੇ ਮੈਦਾਨ ਵਿੱਚ ਜਾਣ ਦੇ ਲਈ ਹਾਂ। ਅਤੇ ਮੈਂ ਕਿਹਾ, "ਮੇਰੇ, ਪ੍ਰਭੂ ਮੈਨੂੰ ਮਾਫ ਕਰੀਂ"।

10 ਤੇ ਉਹ, ਤਾਂ ਠੀਕ ਠਾਕ ਚਮਕਦੀ ਦਮਕਦੀ ਤੇ ਉਦਾਂ ਹੀ ਹੁਸ਼ਿਆਰ ਸੀ ਜਿਵੇਂ ਕਿ ਉਹ ਹੋ ਸਕਦੀ ਸੀ। ਅਤੇ ਤਦ ਉਹ ਮਾਰਗ ਦੇ ਸਾਰੇ ਅਨੁਭਵ ਮੈਨੂੰ ਦੱਸ ਰਹੀ ਸੀ ਕਿ ਕਿਵੇਂ ਫਰਮੋਸ, ਚੀਨ ਜਪਾਨ ਵਗੈਰਾ ਵਿੱਚ ਸੁਸਮਾਚਾਰ ਦੇ ਪ੍ਰਚਾਰ ਦੀ ਲੋੜ ਹੈ। ਸੋ ਉਹਨਾਂ ਨੇ ਉਹਨੂੰ ਸੇਵਾ ਦੇ ਮੈਦਾਨ ਤੋਂ ਵਾਪਸ ਭੇਜ ਦਿੱਤਾ ਹੈ ਅਤੇ ਕਿਹਾ ਹੈ, "ਤੁਸੀਂ ਸੇਵਾ ਦੇ ਮੈਦਾਨ ਵਿੱਚ ਨਹੀਂ ਜਾਂ ਸਕਦੇ, ਤੁਸੀਂ ਜਾਣਦੇ ਹੋ"। ਸੋ ਉਹਨਾਂ ਨੇ ਉਹ ਨੂੰ ਵਾਪਿਸ ਭੇਜ ਦਿੱਤਾ। ਪਰ ਉਹ ਚੁੱਪ ਰਹਿਣ ਵਾਲੀ ਨਹੀਂ ਹੈ, ਪਰ ਉਹ ਤਾਂ ਇਹਨਾਂ ਸਭ ਬੈਪਟਿਸਟ ਸੰਮੇਲਨਾਂ ਵਿੱਚ

ਜਾ ਰਹੀ ਹੈ। ਅਤੇ ਉਹਨੇ ਕਿਹਾ, "ਬਿੱਲੀ ਗ੍ਰਾਹਮ" ਆਖਿਆ, "ਜਿਵੇਂ ਉਹ ਬਾਪਟਿਸਟ ਸੰਦੇਸ਼ ਲੈ ਕੇ ਜਾ ਰਿਹਾ ਹੈ। ਇਹ ਬੇਪਟਿਸਟ ਗਿਰਜੇ ਦੇ ਲਈ ਇੱਕ ਕਰਜ ਹੈ"। ਕਿਹਾ, "ਉਹ ਉਹਨਾਂ ਨੂੰ ਪਵਿੱਤਰ ਆਤਮਾ ਪਾਉਣ ਤਕ ਦੀ ਦੂਰੀ ਤਕ ਨਹੀਂ ਲਈ ਕੇ ਜਾਂਦਾ"। ਉਹਨੇ ਕਿਹਾ। ਔਹ, ਭੈਣ ਜੀ, ਤੁਸੀਂ ਠੀਕ ਉੱਥੇ ਟਿਕੇ ਰਹੋ। ਇਹ ਠੀਕ ਹੈ। ਉਹਨੇ ਕਿਹਾ, ਉਹਨਾਂ ਚੀਨੀ ਭਰਾਵਾਂ ਨੂੰ ਸਿਰਫ਼ ਇਸ ਤਰ੍ਹਾਂ ਹੀ ਜਾਣ ਨਹੀਂ ਦਿੰਦੀ ਕਿ ਉਹ ਜਾ ਕੇ ਕਹਿਣ ਕਿ "ਅਸੀਂ ਯਿਸੂ ਮਸੀਹ ਵਿੱਚ ਨਿਹਚਾ ਕਰਦੇ ਹਾਂ"। ਕਿਹਾ, "ਇਹ ਠੀਕ ਸੀ"। ਪਰ ਉਹਨੇ ਕਿਹਾ, ਉਹਨੇ ਉਹਨਾਂ ਨੂੰ ਉੱਥੇ ਰੋਕੇ ਰੱਖਿਆ ਜਿਨ੍ਹਾਂ ਚਿਰ ਤਕ ਕੁਝ ਨ ਵਾਪਰਿਆ, ਅਤੇ ਤਦ ਉਹ ਸੱਚੇ ਮਸੀਹੀ ਬਣੇ।

11 ਮੈਂ ਕਿਹਾ, "ਭੈਣ ਸੱਚੇ ਮਸੀਹੀ ਬਣਨ ਦਾ ਇਹੀ ਤਰੀਕਾ ਹੈ। ਸਿਰਫ਼ ਉਹਨਾਂ ਨੂੰ ਮਸੀਹੀ ਬਾਰੇ ਦੱਸੋ ਤੇ ਉਹਨਾਂ ਨੂੰ ਠਹਿਰੇ ਰਹਿਣ ਦਿਓ ਜਿੰਨ੍ਹਾਂ ਚਿਰ ਤਕ ਕੁਝ ਨਹੀਂ ਹੁੰਦਾ"।

12 ਜੇ ਭਲਾ ਚੇਲੇ ਨੌਂ ਦਿਨਾਂ ਦੇ ਬਾਅਦ ਆਖਦੇ, "ਸਾਨੂੰ ਨਿਹਚਾ ਹੈ ਕਿ ਅਸਾਂ ਪਵਿੱਤਰ ਆਤਮਾ ਪਾ ਲਿਆ। ਵੇਖਿਆ ਜੇ ਆਓ ਹੁਣ ਇਹਨੂੰ ਨਿਹਚਾ ਨਾਲ ਸਵੀਕਾਰ ਕਰ ਲਓ ਅਤੇ ਆਪਣੇ ਸੇਵਾ ਦੇ ਕੰਮ ਵਿੱਚ ਅਗਾਂਹ ਵਧੋ"। ਵੇਖੋ, ਇਹ ਗੱਲ ਕਦੇ ਵੀ ਕਾਮਯਾਬ ਨ ਹੁੰਦੀ। ਸਾਡੀ ਵੀ ਅੱਜ ਇਹੋ ਹੀ ਔਕੜ ਹੈ ਕਿ ਅਸਾਂ ਬਹੁਤਾ ਦੇਰ ਤਕ ਪ੍ਰਭੂ ਲਈ ਠਹਿਰਦੇ ਨਹੀਂ ਹਾਂ। ਠੀਕ ਹੈ ਜੀ ਇਹੋ ਹੀ ਕਾਰਣ ਹੈ ਕਿ ਉਹਦੇ ਬਾਅਦ ਅਸੀਂ ਕਿਦਾਂ ਦਾ ਵੀ ਜੀਵਨ ਗੁਜਾਰ ਸਕਦੇ ਹਾਂ। ਇਹ ਗੱਲ ਸਾਨੂੰ ਪਰੇਸ਼ਾਨ ਨਹੀਂ ਕਰਦੀ ਕਿਉਂਕਿ ਅਸੀਂ ਉੱਥੇ ਪ੍ਰਭੂ ਦੇ ਸਨਮੁਖ ਵਧੇਰੇ ਸਮੇਂ ਤਕ ਨਹੀਂ ਠਹਿਰਦੇ। ਅੱਜ ਅਸੀਂ ਪ੍ਰਭੂ ਦੇ ਅੰਦਰ ਹਾਂ ਅਤੇ ਕਲ ਨੂੰ ਪ੍ਰਭੂ ਤੋਂ ਬਾਹਰ ਹੁੰਦੇ ਹਾਂ। ਕਦੇ *ਇਸ* ਢੰਗ ਨਾਲ ਅਤੇ ਕਦੀ *ਉਸ* ਢੰਗ ਨਾਲ ਜਿਉਂਦੇ ਹਾਂ। ਜੇ ਤੁਸੀਂ ਬੂਹਾ ਬੰਦ ਕਰਕੇ ਬਹੁਤਾ ਸਮਾਂ ਟਿਕੇ ਰਹੀਏ, ਤਾਂ ਤੁਸੀਂ ਪ੍ਰਭੂ ਵਿੱਚ ਬਣੇ ਰਹੋਗੇ। ਨਿਸਤਾਰੇ ਦੇ ਦਿਨ ਤਕ ਤੁਹਾਡੇ ਉੱਤੇ ਮੋਹਰ ਕਰ ਦਿੱਤੀ ਗਈ ਹੈ। ਮੈਨੂੰ ਉਸ ਗੱਲ ਦੀ ਬਹੁਤ ਖੁਸ਼ੀ ਹੈ।

13 ਜਿਦਾਂ ਮੈਂ ਕਿਹਾ ਕਿ ਖਾੜੀ ਅਤੇ ਫਿਊਨਿਕਸ ਸ਼ਹਿਰ ਦੇ ਵਿੱਚ ਸਾਡਾ ਸਮਾਂ ਬਹੁਤ ਹੀ ਮਹਾਨ ਸੀ। ਬਹੁਤ ਸਾਰੇ ਮਸੀਹੀ ਲੋਕਾਂ ਨੇ ਪਿਆਰੇ ਜੀਵਨ ਨੂੰ ਫ਼ੜਿਆ ਹੋਇਆ ਸੀ।

14 ਮੈਂ ਦੱਖਣੀ ਪਹਾੜ ਤੇ ਗਿਆ ਅਤੇ ਪਤਨੀ ਪਿਛਾਂਹ ਹੀ ਰਹੀ ਗਈ ਸੀ। ਇੱਕ ਦਿਨ ਜਦ…ਮਿੱਤਰ…ਮੇਰੇ ਭਾਈ ਡਾਕਟਰ ਨੇ ਦੋਵਾਂ ਕੁੜੀਆਂ ਨੂੰ ਸਾਂਭ ਲਿਆ ਸੀ ਅਤੇ ਭਾਈ ਅਤੇ ਭੈਣ ਵੂਡ ਨੇ ਮੁੰਡੇ ਨੂੰ ਰੱਖ ਲਿਆ ਸੀ। ਮੈਂ ਅਤੇ ਮੇਰੀ ਪਤਨੀ ਦਾ ਇਹ ਦੂਜਾ ਮੌਜ ਮੇਲੇ ਦਾ ਸਮਾਂ ਸੀ ਭਾਵ ਹਨੀਮੂਨ ਸੀ। ਤੇ

ਪਤਨੀ ਨੇ ਕਿਹਾ, "ਬਿਲ, ਤੁਸੀਂ ਜਾਣਦੇ ਹੋ, ਕਿ ਵਿਆਹ ਤੋਂ ਬਾਅਦ ਦਾ ਮੌਜ ਮੇਲੇ ਦਾ ਇਹ ਸਮਾਂ ਪਹਿਲੇ ਵਾਲੇ ਹਨੀਮੂਨ ਭਾਵ ਮੌਜ ਮੇਲੇ ਤੋਂ ਕੀਤੇ ਵਧੇਰਾ ਚੰਗਾ ਸੀ"। ਉਹਨੇ ਕਿਹਾ, "ਪਹਿਲੀ ਵਾਰ ਜਦੋਂ ਅਸੀਂ ਮੌਜ ਮੇਲੇ ਲਈ ਗਏ ਸੀ ਮੈਂ ਜੋ ਕੰਮ ਕੀਤਾ ਉਹ ਇਹ ਸੀ ਕਿ ਮੈਂ ਡੇਰੇ ਵਿੱਚ ਬੈਠ ਕੇ ਤੁਹਾਡਾ ਸ਼ਿਕਾਰ ਤੋਂ ਵਾਪਸੀ ਦਾ ਇੰਤਜਾਰ ਕਰ ਰਹੀ ਸੀ ਕਿ ਕਦੋਂ ਤੁਸੀਂ ਅੰਦਰ ਆਓ"।

15 ਮੈਂ ਇੱਕ ਦਾਅ ਖੇਡਿਆ, ਤੁਸੀਂ ਜਾਣਦੇ ਹੋ। ਮੈਂ ਸੋਚਿਆ, "ਠੀਕ ਹੈ, ਮੇਰੇ ਕੋਲ ਬਹੁਤ ਪੈਸਾ ਤਾਂ ਨਹੀਂ ਹੈ"। ਨਾ ਹੀ ਮੈਂ ਬਹੁਤ ਪੈਸਾ ਬਚਾ ਸਕਿਆ, ਮੈਂ ਸ਼ਿਕਾਰ ਖੇਡਣ ਦੇ ਦੌਰੇ ਤੇ ਜਾ ਸਕਾਂ ਤੇ ਤਦ ਵੀ ਉਸ ਪਤਝੜ ਦੇ ਮੌਸਮ ਵਿੱਚ ਮੇਰਾ ਵਿਆਹ ਹੋਣਾ ਸੀ। ਸੋ ਮੈਂ ਸੋਚਿਆ, "ਇਹਨੂੰ ਇਕੱਠਾ ਕਰ ਦੇਵਾਂ," ਤੁਸੀਂ ਜਾਣਦੇ ਹੋ। ਅਤੇ—ਜਦ ਮੈਂ ਸ਼ਿਕਾਰ ਖੇਡਣ ਲਈ ਜਾਵਾਂਗਾ, ਤੇ ਇਹ ਵਿਆਹ ਦਾ ਮੌਜ ਮੇਲਾ ਵੀ ਹੋ ਜਾਵੇਗਾ, ਤੁਸੀਂ ਜਾਣਦੇ ਹੋ, ਅਤੇ ਅਸੀਂ ਇਹਨੂੰ ਇਕੱਠੇ ਹੀ ਮਿਲਾ ਦਿੱਤਾ। ਪਰ ਇਸ ਵਾਰੀ ਤਾਂ ਅਸੀਂ ਸੱਚ ਵਿੱਚ ਹੀ ਇਹਦੇ ਲਈ ਪੈਸਾ ਖਰੀਦਿਆ ਤੇ ਹਕੀਕਤ ਵਿੱਚ ਬਾਹਰ ਘੁੰਮਣ ਗਏ, ਤੇ ਬਹੁਤ ਹੀ ਡਾਡਾ ਸਮਾਂ ਰਿਹਾ।

16 ਉਹਨਾਂ ਵਿੱਚੋਂ ਬਹੁਤੇ ਇਸ ਬ੍ਰਾਨਹਮ ਡੇਰੇ ਵਿੱਚੋਂ ਵੀ ਆਏ ਹਨ। ਮੇਰਾ ਭਰੋਸਾ ਹੈ ਕਿ ਭਾਈ ਸੋਥਮੈਨ ਤੇ ਉਹਨਾਂ ਦਾ ਪਰਿਵਾਰ ਜਿਹੜਾ ਪਿਛਾਂਹ ਬੈਠਾ ਹੋਇਆ ਹੈ। ਅਤੇ ਭਾਈ ਟੋਮ ਸਿਮਪਸਨ ਅਤੇ ਉਹ ਸਭ ਅਤੇ ਭਾਈ ਮੇਰਿਓਰੇ, ਪ੍ਰਭੂ ਵਿੱਚ ਸਭਨਾਂ ਦਾ ਮਹਾਨ ਸਮਾਂ ਰਿਹਾ ਹੈ।

17 ਸੋ ਅਸੀਂ ਦੱਖਣੀ ਪਹਾੜ ਤੇ ਗਏ ਜੋ ਕਿ ਫਿਊਨਿਕਸ ਦੇ ਦੱਖਣ ਵਿੱਚ ਹੈ। ਅਤੇ ਉਸ ਦਬਾਅ ਤੋਂ ਉਤਾਂਹ ਚਲੇ ਗਏ। ਔਹ! ਆਧੁਨਿਕ ਸ਼ਹਿਰ ਦਾ ਦਬਾਅ ਕੋਈ ਅਚਰਜ ਨਹੀਂ! ਜਦ ਲੋਕ ਧਰਤੀ ਤੇ ਵਧਣ ਲੱਗਦੇ ਹਨ ਤਦ ਪਾਪ ਅਤੇ ਹਿੰਸਾ ਆ ਜਾਂਦੀ ਹੈ। ਮੈਂ ਉਤਾਂਹ ਦੀ ਵੱਲ ਵੇਖਿਆ ਬਹੁਤ ਉਤਾਂਹ ਬੈਠੇ ਹੋਏ ਅਸੀਂ ਫਿਊਨਿਕਸ ਦੀ ਵਾਦੀ ਨੂੰ ਵੇਖ ਸਕਦੇ ਹਾਂ। ਮੈਂ ਪਤਨੀ ਨੂੰ ਕਿਹਾ, "ਮੈਨੂੰ ਹੈਰਾਨੀ ਹੈ ਕਿ ਜਦੋਂ ਦੇ ਅਸੀਂ ਬੈਠੇ ਹਾਂ ਇਹਨਾਂ ਪੰਦਰਾਂ ਮਿੰਟਾਂ ਪ੍ਰਭੂ ਦਾ ਨਾਮ ਵਿਅਰਥ ਲਿਆ ਜਾਂਦਾ ਹੈ?" ਹਾਂ?

18 ਠੀਕ ਹੈ, ਵੱਡੇ ਸ਼ਹਿਰ ਦੇ ਇਲਾਕੇ ਵਿੱਚ ਜਿਦਾਂ ਕਿ ਟੇਮਟੇ ਅਤੇ—ਅਤੇ ਸਨੀ ਸਲੋਪ ਸ਼ਹਿਰਾਂ ਦੇ ਵਿੱਚੋਂ ਦੀ। ਮੇਰਾ ਅੰਦਾਜਾ ਹੈ ਕਿ ਠੀਕ ਉਸ ਖਾੜੀ ਵਿੱਚ ਇੱਕ ਕਰੋੜ ਲੋਕਾਂ ਦੀ ਤਦਾਦ ਹੈ। ਮੈਂ ਕਿਹਾ, "ਤਿੰਨ ਸੌ ਸਾਲ ਪਹਿਲਾਂ ਉੱਥੇ ਕੁਝ ਵੀ ਨਹੀਂ ਸੀ। ਉੱਥੇ ਤਾਂ ਥੋਹੜ ਅਤੇ ਕੰਡਿਆਂ ਵਾਲੇ ਬੂਟੇ ਸਨ। ਅਤੇ ਸ਼ਾਇਦ ਪ੍ਰਭੂ ਦੀ ਨਜਰ ਵਿੱਚ ਤਾਂ ਚੰਗਾ ਹੋਵੇਗਾ ਕਿ ਜੇ ਇਹ ਪਹਿਲੀ ਹੀ ਦਿਸ਼ਾ ਵਿੱਚ ਹੋ ਜਾਵੇ"। ਇਹ ਬਿਲਕੁਲ ਠੀਕ ਹੈ। ਭਾਵੇਂ ਉਹ ਮਹਾਨ—ਮਹਾਨ

ਸ਼ਹਿਰ ਜਿਹੜਾ ਉਹਨਾਂ ਨੇ ਉੱਥੇ ਉਸਾਰਿਆ ਸੁੰਦਰ ਘਰ ਅਤੇ ਵਗੈਰਾ ਵਗੈਰਾ ਸੋਹਣਾ ਹੈ। ਪਰ ਇਹ ਚੰਗਾ ਹੋਵੇਗਾ ਇਹ ਬਹੁਤ ਹੀ ਸੋਹਣੀ ਗੱਲ ਹੋਵੇਗੀ। ਜੇ ਆਦਮੀ ਅਤੇ ਔਰਤਾਂ ਗਲੀਆਂ ਵਿੱਚੋਂ ਤੁਰਦੇ ਫਿਰਦੇ ਆਪਣੇ ਹੱਥ ਹਵਾ ਵਿੱਚ ਉਤਾਂਹ ਉਠਾ ਕੇ ਪਰਮੇਸ਼ਵਰ ਦੀ ਵਡਿਆਈ ਅਤੇ ਉਹਦਾ ਧੰਨਵਾਦ ਕਰਨ। ਪਰ ਬਜਾਏ ਉਸਦੇ ਕਿ ਉਹ ਸ਼ਰਾਪ ਦਿੰਦੇ, ਸ਼ਰਾਬ ਪੀਂਦੇ ਤੇ ਇਸ ਤਰ੍ਹਾਂ ਹੀ ਜੀਵਨ ਗੁਜਾਰਦੇ ਹਨ। ਕੇਵਲ ਸਭਿਅਤਾ ਨੂੰ ਆਉਣ ਦਿਓ। ਬਦਕਾਰੀ ਉੱਥੇ ਆ ਜਾਵੇਗੀ।

19 ਮੈਂ ਕਿਹਾ, "ਕਿੰਨੇ ਵਿਭਚਾਰ ਇਸ ਸ਼ਹਿਰ ਵਿੱਚ ਪਿਛਲੀ ਸ਼ਾਮ ਅਤੇ ਪਿਛਲੀ ਰਾਤ ਹੋਏ ਹਨ! ਕਿੰਨਿਆਂ ਨੇ ਸ਼ਰਾਬਾਂ ਪੀਤੀਆਂ ਹਨ! ਕਿੰਨੇ ਘਰ… ਕਿੰਨੇ-ਕਿੰਨੇ ਮਾੜੇ ਕੰਮ, ਇਸ ਮਹਾਨ ਸ਼ਹਿਰ ਵਿੱਚ, ਪਿਛਲੀ ਘੜੀ ਵਿੱਚ ਹੋ ਚੁੱਕੇ ਹਨ"।

20 ਪਤਨੀ ਨੇ ਮੈਨੂੰ ਇਸ ਤਰ੍ਹਾਂ ਦਾ ਕੁਝ ਕਿਹਾ, ਜਿਵੇਂ ਮੈਂ ਸੋਚਿਆ, "ਫਿਰ ਇੱਥੇ ਆਉਣ ਦਾ ਕੀ ਲਾਭ ਹੈ? ਫਿਰ ਤੁਸਾਂ ਇੱਥੇ ਆਉਣ ਲਈ ਘਰ ਕਿਉਂ ਛੱਡਿਆ?"

21 ਤਦ ਮੈਂ ਕਿਹਾ, "ਇੱਥੇ ਇਹ ਗੱਲ ਹੈ। ਇਹਨਾਂ ਸਭ ਗੱਲਾਂ ਦੇ ਬਾਅਦ ਜੋ ਕਿ ਯਕੀਨਨ ਭੀੜਾਂ ਵਿੱਚ ਹੈ। ਪਰ ਉਸੇ ਹੀ ਸ਼ਹਿਰ ਵਿੱਚ ਛੋਟਾ ਝੁੰਡ ਵੀ ਹੈ। ਕਿੰਨੀਆਂ ਵਫ਼ਾਦਾਰੀ ਦੀਆਂ ਪ੍ਰਾਰਥਨਾਵਾਂ ਕਲ ਸ਼ਾਮ ਉੱਥੋਂ ਉਤਾਂਹ ਪਹੁੰਚਦੀਆਂ ਹਨ ਅਤੇ ਸੇਵਾ ਲਈ ਆ ਰਹੀਆਂ ਹਨ?"

22 ਅਤੇ ਪਰਮੇਸ਼ਵਰ ਸਾਡੇ ਨਾਲ ਇੰਨਾਂ ਚੰਗਾ ਸੀ ਕਿ ਗਿਰਜੇ ਸੂਰਜ ਦੇ ਡੁੱਬਣ ਤੋਂ ਪਹਿਲਾਂ ਹੀ ਭਰੇ ਹੋਏ ਸਨ ਕਿ ਤੁਸੀਂ ਉਸ ਗਿਰਜੇ ਦੇ ਆਂਗਨ ਜਾਣ ਵਿਹੜੇ ਵਿੱਚ ਨਹੀਂ ਵੜ ਸਕਦੇ, ਅਤੇ ਉਹ ਜਥੇਬੰਦੀਆਂ ਅਤੇ ਵਗੈਰਾ ਤੇ ਪ੍ਰਭੂ ਨੇ ਆਪਣਾ ਆਤਮਾ ਉਹਨਾਂ ਤੇ ਪਾ ਕੇ ਤੇ ਬਰਕਤ ਕੀਤੀ। ਮੈਂ ਕੋਈ ਖਿੱਚੋਤਾਣੀ ਨਹੀਂ ਕੀਤੀ ਕੇਵਲ ਸੁਸਮਾਚਾਰ ਦਾ ਪ੍ਰਚਾਰ ਕਰਦਾ ਰਿਹਾ। ਅਤੇ ਕਦੇ ਕਦੇ ਬੇਸ਼ੱਕ ਇਹ ਬਹੁਤ ਹੀ ਖੁਰਦਰਾ ਹੁੰਦਾ ਹੈ, ਪਰ ਇਹੋ ਹੀ ਸਖਤ ਤਰੀਕਾ ਮੈਂ ਜਾਣਦਾ ਹਾਂ। ਇੱਥੇ ਇਹ ਸਖਤ ਹੈ। ਪਰ ਇਹ ਤਾਂ ਨਿਆਂ ਦੇ ਸਿਹਾਨਸਣ ਦੇ ਸਾਹਮਣੇ ਤਾਂ ਬਹੁਤ ਹੀ ਸਖਤ ਹੋਵੇਗਾ ਜਿਯਟਹੈ ਅਸੀਂ ਖੜ੍ਹੇ ਹੋਣਾ ਹੈ। ਸੋ, ਮਿਲ ਜੁਲ ਕੇ ਇਹ ਬਹੁਤ ਹੀ ਪ੍ਰਤਾਪ ਵਾਲੀ ਗੱਲ ਸੀ। ਅਸੀਂ ਇਸ ਕਲੀਸੀਆ ਦਾ ਸਾਨੂੰ ਦੁਆ ਵਿੱਚ ਯਾਦ ਕਰਨ ਲਈ ਬਹੁਤ ਹੀ ਧੰਨਵਾਦ ਕਰਨ ਚਾਹੁੰਦੇ ਹਾਂ ਜਿਨ੍ਹਾਂ ਸਾਨੂੰ ਸਲੀਬ ਦੇ ਨੇੜੇ ਰੱਖਿਆ।

23 ਇੱਥੇ ਘਰ ਵਾਪਿਸ ਪਰਤ ਆਉਣ ਤੇ ਅੱਜ ਸਵੇਰ ਸ਼ਾਇਦ ਮੈਨੂੰ ਕੁਝ ਬਿਮਾਰਾਂ ਦੇ ਪ੍ਰਾਰਥਨਾ ਕਰਨ ਦੇ ਲਈ ਹੇਠਾਂ ਜਾਣਾ ਹੈ। ਬਹੁਤ ਸਾਰੇ ਮੇਰੇ ਨਾਲ

ਮੁਲਾਕਾਤ ਲਈ ਉਡੀਕ ਰਹੇ ਹਨ, ਬਹੁਤ ਸਾਰੇ ਮਾਮਲੇ ਬਹੁਤ ਦਿਨਾਂ ਤੋਂ ਮੇਰੇ ਕੋਲ ਹਨ ਜਦੋਂ ਮੈਂ ਇੱਥੇ ਹਾਂ ਤੇ ਮਹੀਨੇ ਤੋਂ ਉਡੀਕ ਰਹੇ ਹਨ। ਜਦੋਂ ਦਾ ਮੈਂ ਗਿਆ ਹਾਂ ਅਤੇ ਜਿੰਨੀ ਜਲਦੀ ਹੋ ਸਕੇ ਉਹ ਉਹਨਾਂ ਨੂੰ ਅੰਦਰ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਤੇ ਉਹਨਾਂ ਨੂੰ ਵੱਖ ਵੱਖ ਥਾਵਾਂ ਤੋਂ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਜਿੱਥੇ ਕੀਤੇ ਵੀ ਉਹ ਸਥਿਤ ਹਨ।

24 ਅਤੇ ਪ੍ਰਭੂ ਨੇ ਚਾਹਿਆ ਤਾਂ ਦੋ ਹਫਤਿਆਂ ਵਿੱਚ ਮੈਂ ਟਿਊਸਨ ਜਾਵਾਂਗਾ, ਜੋ ਕਿ ਹੇਠਲਾ ਹਿੱਸਾ ਹੈ। ਇਸ ਵਾਰੀ ਬਿਜਨੇਸਮੈਨਾ ਦੀ ਸਭਾ ਹੈ ਤੁਸੀਂ ਇਹਦੇ ਲਈ ਪ੍ਰਾਰਥਨਾ ਕਰ ਸਕਦੇ ਹੋ...ਮੈਂ ਕੁਝ ਵੀ ਨਹੀਂ ਕਰਨਾ ਚਾਹੁੰਦਾ। ਜਦ ਤਕ ਮੈਂ ਪਹਿਲਾਂ ਇਹ ਵਿਸ਼ਵਾਸ ਨਾ ਕਰ ਲਵਾਂ ਕਿ ਇਹ ਪ੍ਰਭੂ ਦੀ ਮਰਜੀ ਹੈ। ਹੁਣ, ਅਗਲਾ ਮਸੀਹੀ ਸੰਮੇਲਨ ਮੇਡੋਸੱਟੋਂ ਸ਼ਹਿਰ ਵਿੱਚ ਹੋ ਰਿਹਾ ਹੈ, ਅਤੇ ਉਹਦੇ ਬਾਅਦ ਵਾਸ਼ਿੰਗਟਨ ਵਿੱਚ ਵਾਸ਼ਿੰਗਟਨ ਦੇਸ਼ ਵਿੱਚ। ਤਦ ਜੁਰੀਤ ਵਿੱਚ ਅਤੇ ਤਦ ਫਲਿਸਤੀਨ ਦੇਸ਼ ਵਿੱਚ ਅਤੇ ਤਦ ਦੱਖਣੀ ਅਫਰੀਕਾ ਵਿੱਚ। ਅਤੇ ਇਹ ਸਭ ਹੋਣ ਤੋਂ ਲੈ ਕੇ, ਜੂਨ ਮਹੀਨੇ ਵਿੱਚ ਹੋਵੇਗਾ। ਅਤੇ ਮੈਨੂੰ ਇਹਨਾਂ ਸੰਮੇਲਨਾਂ ਵਿੱਚ ਬੁਲਾਰੇ ਦੇ ਦੌਰ ਤੇ ਸੱਦਾ ਦਿੱਤਾ ਗਿਆ ਹੈ। ਇਹ ਮੇਰੇ ਲਈ ਇੱਕ ਹੋਰ ਮੌਕਾ ਦੱਖਣੀ ਅਫਰੀਕਾ ਵਿੱਚ ਵੜਨ ਦਾ ਹੋਵੇਗਾ। ਉਹਨਾਂ ਦਾ ਸੱਦਾ ਹਰੇਕ ਮਹੀਨੇ ਸਾਨੂੰ ਸੱਦੇ ਆਉਂਦੇ ਹਨ। ਪਰ ਜੇ ਇੱਕ...

25 ਪੈਂਤੀਕੁਸਤ ਗਿਰਜਿਆਂ ਵਿੱਚ ਬਹੁਤ ਵੱਡਾ ਬਖੇੜਾ ਪਿਆ ਹੈ, ਜੇ ਤੁਸੀਂ ਇੱਕ ਬੰਨੇ ਵੱਲ ਜਾਓਗੇ ਅਤੇ ਦੂਜੇ ਬੰਨੇ ਵਾਲਿਆਂ ਦਾ ਇਹਦੇ ਨਾਲ ਕੋਈ ਵਾਹ ਨਹੀਂ ਹੈ। ਅਤੇ ਉਹ ਇੱਕ ਦੂਜੇ ਨਾਲ ਕੋਈ ਸਹਿਯੋਗ ਨਹੀਂ ਰੱਖਦੇ। ਮੈਂ ਪਿਛਲੇ ਪੰਜਾਂ ਸਾਲਾਂ ਤੋਂ ਦਿਲ ਵਿੱਚ ਇੱਕ ਬੁਲਾਹਟ ਜਾਣ ਦੇ ਵਾਸਤੇ ਲਈ ਕੇ ਖਲੋਤਾ ਹਾਂ। ਅਤੇ ਹੁਣ ਜੇ ਹੋ ਸਕਿਆ ਤਾਂ ਬਿਜਨੇਸਮੈਨ ਮੈਨੂੰ ਅੰਦਰ ਖੜਨਗੇ ਤੇ ਸਥਾਪਿਤ ਹੋਣ ਦੇ ਲਈ ਇੰਨਾ ਕਾਫੀ ਹੈ। ਇਹ ਦੋਵਾਂ ਪਾਸਿਆਂ ਤੋਂ ਹੋਵੇਗਾ ਤੁਹਾਨੂੰ ਸਮਝ ਲੱਗੀ? ਇਸ ਤਰ੍ਹਾਂ ਉਹ ਸਾਰੇ ਇਸ ਕੰਮ ਲਈ ਆ ਜਾਣਗੇ। ਉਹਨਾਂ ਸਭਨਾਂ ਨੂੰ ਉਹਦੇ ਸਹਿਯੋਗ ਲਈ ਆਉਣਾ ਪੈਣਾ ਹੈ ਕਿਉਂਕਿ ਉਹਨਾਂ ਦੇ ਗਿਰਜਿਆਂ ਦੀਆਂ ਆਰਥਕ ਲੋੜਾਂ ਹਨ। ਤੁਹਾਨੂੰ ਸਮਝ ਲੱਗੀ ਉਹਨਾਂ ਨੂੰ ਆਪਣਾ ਨੱਕ ਮੂੰਹ ਰੱਖਣ ਲਈ ਆਉਣਾ ਪੈਣਾ ਹੈ। ਸੋ ਹੋ ਸਕਦਾ ਹੈ ਕਿ ਇਹ ਪ੍ਰਭੂ ਦੀ ਮਰਜੀ ਹੋਵੇ, ਜਿਸ ਤਰ੍ਹਾਂ ਹੋਵੇ ਮੈਂ ਨਹੀਂ ਜਾਣਦਾ ਇਹ ਚੰਗਾ ਤਾਂ ਜਾਪਦਾ ਹੈ ਪਰ ਇਹ ਮੈਨੂੰ ਨਹੀਂ ਪਤਾ।

26 ਇਸ ਸਾਲ ਦੇ ਲਈ ਭਾਈ ਬੋਰਡਰਸ ਮੈਨੂੰ ਯਾਤਰਾ ਦੇ ਮਾਰੇ ਸੱਦੇ ਦਿੰਦੇ ਹਨ, ਅਤੇ ਇਮਾਨਦਾਰੀ ਨਾਲ ਮੈਂ ਕਹਿੰਦਾ ਹਾਂ ਕਿ ਪਿਛਲੇ ਵੱਡੇ ਦਿਨ ਤੋਂ ਲੈ ਕੇ ਜਿਹੜੇ ਸੱਦੇ ਆਲੇ ਦੁਆਲੇ ਤੋਂ ਆਏ ਉਹਨਾਂ ਦੀ ਇਹ *ਦੋਹਰੀ* ਮੋਟੀ ਕਿਤਾਬ

ਬਣਦੀ ਹੈ। ਅਤੇ ਮਨੁੱਖੀ ਦਿਮਾਗ ਦੇ ਲਈ ਇਹਦਾ ਹੱਲ ਕਰਨ ਤਾਂ ਬਹੁਤ ਔਖਾ ਹੈ। ਮੈਂ ਉਹਨਾਂ ਵਿੱਚੋਂ ਇੱਕ ਵੀ ਨਹੀਂ ਲਿਆ। ਮੈਂ ਤਾਂ ਇੱਕ ਸਭਾ ਲਵਾਂਗਾ ਤੇ ਉਡੀਕ ਕਰ ਕੇ ਵੇਖਾਂਗਾ ਕਿ ਉਦੋਂ ਪ੍ਰਭੂ ਮੈਨੂੰ ਕਿੱਥੇ ਜਾਣ ਲਈ ਆਖਦਾ ਹੈ। ਤਦ ਉੱਥੇ ਅਗਲੀ ਸਭਾ ਲਾਉਣ ਲਈ ਤੇ ਜਿੱਥੇ ਕੀਤੇ ਉਹ ਮੈਨੂੰ ਜਾਣ ਲਈ ਆਖੇ। ਸੋ ਤੁਸੀਂ ਮੇਰੇ ਲਈ ਬੇਨਤੀ ਕਰਦੇ ਰਹੋ।

27 ਮੈਨੂੰ ਯਾਦ ਹੈ ਪਿਛਲੇ ਸਾਲ ਭਾਈ ਜਾਂ ਭੈਣ ਕੋਕਸ ਉੱਥੇ ਸਨ...ਜਦ ਭਾਈ ਆਰਗਨ ਬਰਾਈਟ ਨੇ ਮੈਨੂੰ ਐਨਕੋਰੇਜ ਦੇ ਦੌਰੇ ਤਕ ਜਾਣ ਲਈ ਸੱਦਿਆ। ਜੇ ਭਲਾ ਮੈਂ ਆਪਣੀ ਸੋਚ ਨਾਲ ਚਲਿਆ ਜਾਂਦਾ ਕਿ ਕੋਈ ਗੱਲ ਨਹੀਂ ਇਹੀ ਠੀਕ ਹੀ ਹੈ?

28 ਮੈਂ ਸੋਚ ਰਿਹਾ ਸੀ ਕਿ ਇਹ ਤਾਂ ਆਪਣੀ *ਸੋਚ* ਹੋਵੇਗੀ। ਮੈਂ ਇਸ ਵਿਸ਼ੇ ਤੇ ਪ੍ਰਚਾਰ ਵੀ ਕਰ ਚੁੱਕਿਆ ਹਾਂ। ਜਦ ਮੈਂ ਉੱਥੇ ਗਿਆ ਤੇ ਟੇਪਾਂ ਭਰਨ ਵਾਲੇ ਮੁੰਡਿਆਂ ਨੂੰ ਦੱਸਿਆ। "ਕੋਈ ਟੇਪ ਨਾ ਲਓ। ਟੇਪਾਂ ਲਈ ਬਾਹਰ ਨਾ ਜਾਓ, ਮੈਂ ਉਸੇ ਹੀ ਵਿਸ਼ੇ ਉੱਤੇ ਬੋਲਾਂਗਾ ਜਿਹੜਾ ਮੈਂ ਇੱਥੇ ਬੋਲਿਆ ਸੀ"। ਮੇਰਾ ਵਿਚਾਰ ਹੈ ਕਿ ਮੈਂ ਉਹੋ ਹੀ ਪ੍ਰਚਾਰ ਕੀਤਾ ਜੋ ਇੱਥੇ ਕੀਤਾ ਸੀ। ਤੇ ਬਾਕੀ ਦੇ ਸਭ ਨਵੇਂ ਵਿਸ਼ੇ ਸਨ। ਅਤੇ ਭਾਈ ਮੈਗੁਰੇ ਨੇ ਉਹਨਾਂ ਸਭਨਾਂ ਨੂੰ ਪ੍ਰਾਪਤ ਕਰ ਲਿਆ।

29 ਅੰਦਾਜਾ ਜੇ ਮੈਂ ਉੱਥੇ *ਅੰਦਾਜਾ* ਲਾ ਕੇ ਹੀ ਚਲਿਆ ਜਾਂਦਾ ਜਰੂਰੀ ਹੀ ਬੰਦਗੀਆਂ ਹੁਣ ਨਾਲ ਕਿਤੇ ਵੱਖਰੀਆਂ ਹੁੰਦੀਆਂ, ਦਰਸ਼ਨ ਪੂਰਾ ਨਾ ਹੁੰਦਾ। ਪਰ ਦਰਸ਼ਨ ਪੂਰਾ ਹੋਇਆ। ਤੁਸੀਂ ਸਭ ਇਹਨੂੰ ਜਾਣਦੇ ਹੋ ਕਿ ਕਿਵੇਂ ਪ੍ਰਭੂ ਨੇ ਬਰਕਤ ਦਿੱਤੀ।

30 ਹੁਣ ਇੱਕ ਹੋਰ ਗੱਲ ਮੇਰੇ ਦਿਲ ਉੱਤੇ ਹੈ ਜਿਹੜੀ ਬਹੁਤ ਸਮੇਂ ਤੋਂ ਹੈ। ਕਲੀਸੀਆ ਇਹਦੇ ਲਈ ਪ੍ਰਾਰਥਨਾ ਕਰੋ। ਤੁਸੀਂ ਸਭ ਲੋਕ ਜਾਣਦੇ ਹੋ ਕਿ ਮੈਂ ਮੁੰਡ ਪੁਣੇ ਤੋਂ ਹੀ ਇਸ ਦੇਸ਼ ਵਿੱਚ ਰਹਿ ਕੇ ਸੰਤੁਸ਼ਟ ਨਹੀਂ ਹੋਇਆ। ਮੇਰਾ ਸਾਰਾ ਦਿਲ ਹਮੇਸ਼ਾ ਪੱਛਮ ਦੀ ਵੱਲ ਜਾਣ ਲਈ ਲੋਚਦਾ ਰਿਹਾ। ਮੈਨੂੰ ਯਾਦ ਹੈ ਕਿ ਮੈਂ ਜਦ ਉੱਥੇ ਆਪਣੀ ਸੱਸ ਦਾ ਘਾਹ ਕਤਰ ਰਿਹਾ ਸੀ। ਉਸ ਥਾਂ ਵਿੱਚ...ਉਹਥਾਂ ਜਿਹੜੀ ਇਥੇ ਗਿਰਜੇ ਦੇ ਨਾਲ ਸੰਬੰਧ ਰੱਖਦੀ ਹੈ। ਮੈਂ ਪੌੜੀਆਂ ਉੱਤੇ ਬੈਠਾ ਹੋਇਆ ਸੀ ਤੇ ਪਵਿੱਤਰ ਆਤਮਾ ਨੇ ਮੇਰੇ ਨਾਲ ਗੱਲ ਕੀਤੀ। ਉਹਨੇ ਕਿਹਾ, "ਮੈਂ ਤੈਨੂੰ ਅਗਾਂਹ ਤੋਂ ਪੂਰੀ ਤਰ੍ਹਾਂ ਬਰਕਤ ਨਹੀਂ ਦੇ ਸਕਦਾ ਜੇ ਤੂੰ ਅਬਰਾਹਾਮ ਦੀ ਤਰ੍ਹਾਂ ਪੂਰੀ ਤਰ੍ਹਾਂ ਮੇਰੀ ਆਗਿਆ ਨਾ ਮੰਨੇ"। ਵੇਖਿਆ? ਅਤੇ, ਅਬਰਾਹਾਮ ਨੂੰ ਪਰਮੇਸ਼ਵਰ ਨੇ ਆਖਿਆ ਸੀ ਕਿ ਆਪਣੇ ਆਪ ਨੂੰ ਵਖਰਿਆਂ ਕਰ ਕੇ ਵੱਖਰੀ ਥਾਂ ਤੇ ਚਲਾ ਜਾਹ। ਅਤੇ ਜਦ ਉਹਨੇ ਇਹ ਕੀਤਾ ਤਾਂ ਉਹਨੇ ਆਪਣੇ ਨਾਲ ਆਪਣਾ ਪਿਤਾ ਅਤੇ ਭਤੀਜਾ ਵੀ ਲੈ ਲਿਆ। ਤੇ

ਜਦ ਤਕ ਅਬਰਾਹਾਮ ਨੇ ਪਰਮੇਸ਼ਵਰ ਨੂੰ ਪੂਰੀ ਤਰ੍ਹਾਂ ਨਾ ਮੰਨਿਆ। ਅਤੇ ਤਦ ਜਿਹਦਾ ਪਰਮੇਸ਼ਵਰ ਨੇ ਵਾਦਾ ਕੀਤਾ ਸੀ, ਉਹ ਪੂਰਾ ਹੋਇਆ। ਅਤੇ ਬੰਨਣ, ਸਭ ਤੋਂ ਮੁੱਖ ਬੰਨਣ ਜਿਹਨੇ ਮੈਨੂੰ ਇੱਥੇ ਬੰਨ੍ਹ ਕੇ ਰੱਖਿਆ, ਉਹ ਮੇਰੀ ਮਾਂ ਸੀ। ਤੁਸੀਂਇਹ ਜਾਣਦੇ ਹੋ ਤੇ ਹੁਣ ਮੇਰੀ ਮਾਂ ਪ੍ਰਭੂ ਦੇ ਕੋਲ ਪਹੁੰਚ ਗਈ ਹੈ। ਮੈਂ—ਮੈਂ ਨਹੀਂ ਜਾਣਦਾ ਕਿ ਕਿੱਧਰ ਨੂੰ ਮੁੜਨਾ ਹੈ ਅਤੇ ਕੀ ਕਰਨਾ ਹੈ, ਸੋ ਤੁਸੀਂ ਮੇਰੇ ਲਈ ਪ੍ਰਾਰਥਨਾ ਕਰੋ।

31 ਹੁਣ ਭਾਈ ਨੇਵਿਲ ਮੈਂ ਮੰਚ ਉੱਤੇ ਤੁਰ ਕੇ ਗਿਆ, ਮੈਂ ਸੋਚਿਆ, "ਠੀਕ ਮੈਂ ਉੱਥੇ ਜਾਵਾਂਗਾ"। ਕੋਈ ਮੈਨੂੰ ਮਿਲਿਆ ਤੇ ਕਿਹਾ, "ਉਹ ਮੇਰਿਆ ਉਹਨਾਂ ਦੀ ਬੰਦਗੀ ਅੱਜ ਰਾਤ ਬੜੀ ਮਹਾਨ ਬੰਦਗੀ ਹੈ"। ਕਿਹਾ, "ਉਹ ਅੱਜ ਪ੍ਰਚਾਰ ਸਭਾ ਗੀਤਾਂ ਦੀ ਸਭਾ ਪ੍ਰਾਰਥਨਾ ਸਭਾ ਲਾਉਣਗੇ। ਅਤੇ ਤਦ ਪ੍ਰੇਮ ਭੇਂਟ ਲੈਣਗੇ, ਅਤੇ ਤਦ ਕਿਹਾ ਕਿ ਪੈਰ ਧੋਣਾ, ਆਸ਼ਾਈ ਰਬਾਨੀ ਅਤੇ ਬਪਤੀਸਮੇ ਹੋਣਗੇ"।

32 ਮੈਂ ਸੋਚਿਆ, "ਉਹ ਨਿਤਾਣੇ ਭਾਈ! ਮੇਰਿਆ, ਮੇਰਿਆ, ਉਹ ਸਭ ਕੁਝ... ਮੈਂ ਜਾਣਦਾ ਹਾਂ ਕਿ ਉਹ ਕੀ ਹੈ, ਸ਼ਾਇਦ ਅੱਜ ਸਵੇਰੇ ਬਹੁਤ ਜਿਆਦਾ ਪ੍ਰਚਾਰ ਕਰਨ ਦੇ ਬਾਅਦ"। ਮੈਂ ਸੋਚਿਆ, "ਮੈਂ ਇੱਕ ਬੰਨੇ ਚਲਿਆ ਜਾਵਾਂਗਾ। ਹੋ ਸਕਦਾ ਹੈ ਕਿ ਉਹ ਚਾਹੁੰਦੇ ਹਨ ਕਿ ਮੈਂ ਆਸ਼ਾਈ ਰਬਾਨੀ ਦੇਣਾ"।

33 ਉਹਨੇ ਕਿਹਾ, "ਜੇ ਤੁਹਾਨੂੰ ਆਤਮਾ ਦੀ ਅਗੁਵਾਈ ਮਿਲੇ ਤਾਂ ਕੀ ਤੁਸੀਂ ਅੱਜ ਰਾਤ ਸਾਡੇ ਲਈ ਬੋਲੋਗੇ?" ਸੋ ਮੈਂ ਜਾਣਦਾ ਹਾਂ ਕਿ ਇਹਦਾ ਕੀ ਮਤਲਬ ਹੈ। ਤਦ ਮੈਂ ਵਾਪਿਸ ਜਾ ਕੇ ਕੁਝ ਲਿਖਤਾਂ ਅਤੇ ਪਰਚੇ ਲਿਆਂਦੇ, ਹੋ ਸਕਦਾ ਹੈ ਕਿ ਪ੍ਰਭੂ ਮੇਰੀ ਸਹਾਇਤਾ ਇਸ ਛੋਟੇ ਸੰਦੇਸ਼ ਨੂੰ ਪਰਚਾਰਨ ਦੇ ਲਈ ਕਰੇ ਜਿਹੜਾ ਕਿ ਲੱਗਭਗ ਚਾਰ ਘੰਟਿਆਂ ਦਾ ਹੈ, ਅਤੇ ਤਦ ਫਿਰ ਅਸੀਂ—ਅਸੀਂ ਆਪਣੇ ਪੈਰ ਧੋਵਾਂਗੇ, ਤੇ ਫਿਰ ਆਸ਼ਾਈ ਰਬਾਨੀ ਲਵਾਂਗੇ। ਤੇ, ਔਹ, ਮੈਂ, ਹੋ ਸਕਦਾ ਹੈ ਮੈਂ ਉਹਨਾਂ ਕਾਰਵਾਈਆਂ ਤੋਂ ਪਹਿਲਾਂ ਆਪਣਾ ਕੰਮ ਮੁਕਾ ਲਵਾਂ। ਨਹੀਂ, ਮੈਂ ਤਾਂ ਕੇਵਲ ਤੁਹਾਨੂੰ ਛੇੜ ਰਿਹਾ ਸਾਂ। ਵੀਹ ਜਾਂ ਤੀਹ ਮਿੰਟਾਂ ਦੇ ਤਕਰੀਬਨ ਬਾਅਦ, ਅਸੀਂ ਬਪਤੀਸਮੇ ਜਾਂ...ਇਹਦੇ ਬਾਅਦ ਕੀ ਹੈ, ਆਸ਼ਾਈ ਰਬਾਨੀ? ਆਸ਼ਾਈ ਰਬਾਨੀ ਇਹਦੇ ਬਾਅਦ ਹੈ, ਅਤੇ ਤਦ ਬਪਤੀਸਮੇ ਹੋਣਗੇ।

34 ਹੁਣ ਅਸੀਂ ਖੁਸ਼ ਹਾਂ ਕਿ ਤੁਹਾਨੂੰ ਬਪਤੀਸਮਾ ਦਿੱਤਾ ਜਾਵੇਗਾ। ਹੁਣ ਜੇ ਪਰਮੇਸ਼ਵਰ ਚਾਹੇ ਤਾਂ ਇਹ ਗੱਲ ਉਹਨੂੰ ਖੁਸ਼ ਕਰੇ, ਅਤੇ ਪਾਸਬਾਨ ਅਤੇ ਜਮਾਤ ਦੇ ਨਾਲ ਜੇ ਇਹ ਠੀਕ ਹੋਵੇ। ਅਗਲੇ ਐਤਵਾਰ ਮੈਂ ਬਿਮਾਰਾਂ ਦੇ ਲਈ ਪ੍ਰਾਰਥਨਾ ਤੇ ਪ੍ਰਚਾਰ ਕਰਾਂਗਾ ਜੇ ਪ੍ਰਭੂ ਦੀ ਮਰਜੀ ਹੋਈ ਤਾਂ। ਆਉਣ ਵਾਲੇ ਐਤਵਾਰ ਕਿਉਂਕਿ ਸ਼ਾਇਦ ਉਹਦੇ ਬਾਅਦ ਵਾਲੇ ਐਤਵਾਰ ਮੈਂ ਫਿਰ ਚਲਿਆ ਜਾਵਾਂਗਾ। ਹੁਣ ਜਦ ਮੈਂ ਇੱਥੇ ਹਾਂ ਤਾਂ ਆ ਕੇ ਬੋਲਣਾ ਚਾਹੁੰਦਾ ਹਾਂ। ਕਿਉਂਕਿ

ਅਸੀਂ ਇੱਥੇ ਸਭ ਭਾਈਆਂ ਦੀ ਤਰ੍ਹਾਂ ਜੁੜੇ ਹੋ ਹਾਂ ਮੈਂ ਅਤੇ ਭਾਈ ਨੇਵਿਲ। ਅਸੀਂ ਇੱਕ ਦੂਜੇ ਨੂੰ ਪਿਆਰ ਕਰਦੇ ਹਾਂ ਅਤੇ ਅਸੀਂ—ਅਸੀਂ—ਅਸੀਂ ਇੱਕ ਦੂਜੇ ਦੇ ਨੇੜੇ ਰਹਿ ਕੇ ਇੱਕ ਦੂਜੇ ਦੀ ਮੱਦਦ ਕਰਨ ਚਾਹੁੰਦੇ ਹਾਂ।

35 ਇਹ ਗੱਲ ਫੋਕੀ ਤਾਂ ਜਾਪਦੀ ਹੈ, ਪਰ ਉਮੀਦ ਹੈ ਕਿ ਤੁਹਾਨੂੰ ਇਹ ਇਸ ਤਰ੍ਹਾਂ ਨਹੀਂ ਜਾਪਦੀ। ਮਿਸਟਰ ਕੋਰੀ ਨੇ ਇੱਕ ਵਾਰੀ ਆਖਿਆ ਕਿ ਉਹ ਇੱਕ ਵਾਰੀ ਬਲਬਾਂ ਦੀ ਮਸ਼ਹੂਰੀ ਵਾਲੇ ਜਲੂਸ ਵਿੱਚ ਜਾਂ ਕੇ ਆਪਣੀ ਕੰਪਨੀ ਵਾਸਤੇ ਬਲਬ ਵੇਚ ਰਿਹਾ ਸੀ। ਅਤੇ ਉਸਨੇ ਇੱਕ ਵਧੀਆ ਕਿਸਮ ਦਾ ਬਲਬਾਂ ਦਾ ਢੇਰ ਖਰੀਦ ਲਿਆ ਜਿਹੜਾ ਚਾਰ ਜਾਂ ਪੰਜ ਸਾਲ ਤਕ ਚਲਣਾ ਸੀ। ਮੈਂ ਘੁੰਮ ਕੇ ਉਹਦੇ ਕੋਲੋਂ ਖਰੀਦ ਲਿਆ। ਉਹਨੇ ਕਿਹਾ, "ਬਿੱਲੀ ਮੇਰਾ ਭਰੋਸਾ ਹੈ ਕਿ ਅਸੀਂ ਇੱਕ ਦੂਸਰੇ ਦੀ ਪਿੱਠ ਖੁਰਕ ਰਹੇ ਹਾਂ"। ਸੋ ਇਹ ਚੰਗੀ ਗੱਲ ਹੈ। ਜਰੂਰਤ ਦੇ ਸਮੇਂ ਇੱਕ ਦੂਜੇ ਦੀ ਮੱਦਦ ਦਾ ਇੱਕ ਢੰਗ ਹੈ। ਸੋ ਇਹ ਠੀਕ ਗੱਲ ਹੈ। ਅਸੀਂ ਜਾਣਦੇ ਹਾਂ ਕਿ ਕਿਵੇਂ ਇੱਕ ਦੂਜੇ ਦੇ ਬਚਾ ਦੇ ਲਈ ਆ ਕੇ ਮੱਦਦ ਕਰਨੀ ਹੈ।

36 ਹੁਣ ਆਓ ਇਹਦੇ ਖਰੇ ਤੇ ਵਫ਼ਾਦਾਰੀ ਵਾਲੇ ਹਿੱਸੇ ਵੱਲ ਜਾਈਏ। ਅਤੇ ਜੇ ਮੈਂ ਗਲਤੀ ਨਾ ਕਰਾਂ ਤਾਂ ਮੈਂ ਇੱਕ ਹੋਰ ਸੇਵਾਦਾਰ ਭਾਈ ਬਿਆਲਰ ਨੂੰ ਪਿਛਾਂਹ ਬੈਠੇ ਹੋ ਵੇਖਦਾ ਹਾਂ। ਅਤੇ ਜਦ ਮੈਂ ਅੱਜ ਲੰਘਿਆ ਤਾਂ ਮੈਂ ਭਾਈ ਜੂਨੀ ਜੈਕਸਨ ਨੂੰ ਬਾਹਰ ਵੇਹੜੇ ਵਿੱਚ ਭਾਈ ਕਰੀਚ ਨਾਲ ਖਲੋਤੇ ਵੇਖਿਆ। ਕੀ ਉਹ ਕਿਸੇ ਵੇਲੇ ਇੱਥੇ ਸਭਾ ਲਾਉਣੀ ਚਾਹੁੰਦੇ ਹਨ? ਮੈਂ ਸੋਚਦਾ ਹਾਂ ਕਿ ਬਪਤੀਸਮੇ ਦੇਣੇ ਹਨ, ਠੀਕ ਹੈ। ਅਸੀਂ ਪਾਣੀ ਤਿਆਰ ਕਰ ਸਕਦੇ ਹਾਂ। ਜੇ ਉਹ ਬਪਤੀਸਮਾ ਲੈਣ ਵਾਲਿਆਂ ਨੂੰ ਲਿਆਉਣ। ਸਾਡੇ ਕੋਲ ਪਾਣੀ ਹੈ, ਠੀਕ ਹੈ।

37 ਸੋ ਹੁਣ ਇਹ ਹੋਣ ਤੇ ਅਸੀਂ ਆਸ਼ਾਈ ਰਬਾਨੀ ਲਵਾਂਗੇ। ਮੈਂ ਸੋਚਿਆ ਕਿ ਇਹ ਚੰਗਾ ਹੋਵੇਗਾ ਜੇ ਮੈਂ ਆਸ਼ਾਈ ਰਬਾਨੀ ਉੱਤੇ ਕੁਝ ਚਿਰ ਲਈ ਗੱਲ ਕਰਾਂ।

38 ਹੁਣ ਇਸ ਤੋਂ ਪਹਿਲਾਂ ਕਿ ਅਸੀਂ ਵਚਨ ਦੀ ਵੱਲ ਮੁੜੀਏ ਆਓ ਸਭ ਕੁਝ ਲਾਂਭੇ ਰੱਖ ਦੇਈਏ, ਆਪਣੇ ਬੱਚਿਆਂ ਵਾਲੇ ਤੌਰ ਤਰੀਕੇ ਤੇ ਪਰਮੇਸ਼ਵਰ ਦੀ ਹਜੂਰੀ ਵਿੱਚ ਪ੍ਰਾਰਥਨਾ ਨਾਲ ਜਾਈਏ। ਆਓ ਪ੍ਰਾਰਥਨਾ ਕਰੀਏ। ਆਪਣੇ ਸਿਰਾਂ ਨੂੰ ਝੁਕਾਏ ਹੋਏ ਮੇਰਾ ਭਰੋਸਾ ਹੈ ਕਿ ਦਿਲ ਵੀ ਝੁਕੇ ਹੋਏ ਹਨ। ਜੇ ਕੋਈ ਤੁਹਾਡੀ ਬੇਨਤੀ ਹੋਵੇ ਜਿਹੜੀ ਤੁਸੀਂ ਪਰਮੇਸ਼ਵਰ ਨੂੰ ਦੱਸਣਾ ਚਾਹੁੰਦੇ ਹੋ। ਜੇ ਤੁਸੀਂ ਚਾਹੁੰਦੇ ਹੋ ਕਿ ਮੈਂ ਤੁਹਾਨੂੰ ਪਰਮੇਸ਼ਵਰ ਦੇ ਅੱਗੇ ਯਾਦ ਕਰਾਂ। ਕੀ ਤੁਸੀਂ ਪਰਮੇਸ਼ਵਰ ਦੇ ਸਨਮੁਖ ਆਪਣੇ ਹੱਥ ਖੜ੍ਹੇ ਕਰਕੇ ਦੱਸੋਗੇ? ਪਰਮੇਸ਼ਵਰ ਹਰੇਕ ਦੀ ਬੇਨਤੀ ਤੇ ਪ੍ਰਾਰਥਨਾ ਨੂੰ ਮੰਜੂਰ ਕਰੇ।

39 ਸਰਬ ਸ਼ਕਤੀ ਮਾਨ ਪਰਮੇਸ਼ਵਰ ਸਾਡੇ ਪ੍ਰਭੂ ਯਿਸੂ ਮਸੀਹ ਦੇ ਪਿਤਾ, ਜਿਹਨੇ ਉਹਨੂੰ ਮੁਰਦਿਆਂ ਵਿੱਚੋਂ ਜਿੰਦਾ ਕਰਕੇ ਪਰਮ ਪ੍ਰਧਾਨ ਦੇ ਸੱਜੇ ਹੱਥ ਬੈਠਾ ਦਿੱਤਾ। ਸਦਾ ਜਿਉਂਦਾ ਹੈ, ਤੇ ਉਹਨਾਂ ਗੱਲਾਂ ਦਾ ਜਿਹਨਾਂ ਦਾ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਹਨੇ ਕੀਤੀਆਂ ਤੇ ਇਕਰਾਰ ਕਰਦੇ ਹਾਂ ਕਿ ਇਹ ਇਸ ਤਰ੍ਹਾਂ ਹੀ ਹਨ ਦੀ ਵਿਚੋਲਗੀ ਕਰਦਾ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪ੍ਰਭੂ ਪਰਮੇਸ਼ਵਰ ਅੱਜ ਰਾਤ ਤੂੰ ਸਾਡੇ ਪਾਪਾਂ ਨੂੰ ਮਾਫ ਕਰੇਂਗਾ। ਅਸੀਂ ਹਰ ਸਮੇਂ ਯਿਸੂ ਦੇ ਲਹੂ ਦੇ ਥੱਲੇ ਰਹਿਣਾ ਚਾਹੁੰਦੇ ਹਾਂ। ਸੋ ਅਸੀਂ ਨਹੀਂ ਜਾਣਦੇ ਕਿ ਕੀ ਹੋ ਜਾਵੇਗਾ। ਪ੍ਰਭੂ ਸਭ ਚੀਜਾਂ ਅਸੀਂ ਮਹਿਸੂਸ ਕਰਦੇ ਹਾਂ ਕਿ ਇਕੱਠਿਆਂ ਕੀਤੀਆਂ ਜਾਂ ਚੁੱਕੀਆਂ ਹਨ ਤੇ ਪ੍ਰਭੂ ਦੀ ਆਮਦ ਬਿਲਕੁਲ ਨਿਕਟ ਹੈ। ਸਾਡੀ ਯਾਤਰਾ ਸ਼ੁਰੂ ਹੋਣ ਹੀ ਵਾਲੀ ਹੈ। ਅਤੇ ਜਦ ਅਸੀਂ ਯਾਤਰਾ ਦੇ ਬਾਰੇ ਸੋਚਦੇ ਹਾਂ ਅਤੇ ਅਸੀਂ ਸੂਟਕੇਸਾਂ ਤੇ ਵਾਧੂ ਕੱਪੜਿਆਂ ਅਤੇ—ਅਤੇ ਵਾਧੂ ਜੁੱਤੀਆਂ ਦੇ ਬਾਰੇ ਸੋਚਦੇ ਹਾਂ, ਪਰ ਇਹ ਦੁਨਿਆਵੀ ਯਾਤਰਾ ਤੋਂ ਕਿੰਨੀ ਅਲੱਗ ਯਾਤਰਾ ਹੈ! ਪਰ ਇਸ ਸਫ਼ਰ ਦੇ ਲਈ ਸਮਾਨ ਨਹੀਂ ਬੰਨਣਾ; ਪਰ ਸਮਾਨ ਖੋਲ੍ਹਣਾ ਹੈ। ਸਭ ਚੀਜਾਂ ਨੂੰ ਲਾਂਭੇ ਰੱਖਦੇ ਹੋਏ ਜਿਸ ਤਰ੍ਹਾਂ ਤੇਰੇ ਮਹਾਨ ਸੇਵਕ ਸੰਤ ਪੋਲੂਸ ਨੇ ਇਬਰਾਨੀਆਂ ਨੂੰ ਉਹਦੇ 12 ਬਾਬ ਵਿੱਚ ਆਖਿਆ, "ਆਓ ਅਸੀਂ ਵੀ ਹਰੇਕ ਭਾਰ ਅਤੇ ਬੇਪਰਤੀਤੀ ਨੂੰ ਜਿਹੜੀ ਸਹਿਜ ਨਾਲ ਸਾਨੂੰ ਫਸਾ ਲੈਂਦੀ ਹੈ ਪਰੇ ਸੁੱਟ ਕੇ ਉਸ ਦੋੜ ਵਿੱਚ ਜੋ ਸਾਡੇ ਸਾਹਮਣੇ ਪਈ ਹੋਈ ਹੈ ਸਬਰ ਨਾਲ ਦੌੜੀਏ"।

40 ਅਤੇ ਅਸੀਂ ਆਧੁਨਿਕ ਯੁੱਗ ਨਾਲ ਚੰਗੀਆਂ ਗੱਲਾਂ ਦੀ ਭਵਿੱਖਬਾਣੀ ਨਹੀਂ ਕਰ ਸਕਦੇ। ਸਿਰਫ਼ ਅਤੇ ਆਤਮਾ ਦੇ ਦੁਆਰਾ ਜਿਹੜੀ ਗੱਲ ਆਖ ਸਕਦੇ ਹਾਂ ਉਹ ਹੈ ਸਦਮਾ ਦੁਰਘਟਨਾ, ਮੁਸੀਬਤਾਂ ਭੁਚਾਲ, ਮਹਾਨ ਜਵਾਰਭਾਟੇ ਦੀਆਂ ਲਹਿਰਾਂ ਸੂਰਜ ਅਤੇ ਚੰਦ ਡੁੱਬ ਰਹੇ ਸਨ। ਕਲੀਸੀਆ ਲਉਦੀਕੀਆ ਯੁੱਗ ਵਿੱਚ ਹੈ। ਮਸੀਹ ਬੂਹੇ ਤੋਂ ਬਾਹਰ ਅੰਦਰ ਆਉਣ ਦੀ ਕੋਸ਼ਿਸ਼ ਵਿੱਚ ਖਟਖਟਾ ਰਿਹਾ ਹੈ। ਉਏ ਖੁਦਾਇਆ ਉਸ ਤਰ੍ਹਾਂ ਹੀ ਜਿਵੇਂ ਪੁਰਾਣੇ ਨੇਮ ਦਾ ਮਿਕਾਹ ਉਹ ਕਿਵੇਂ ਅਬਰਾਹਾਮ ਨੂੰ ਬਰਕਤ ਦੇ ਸਕਦਾ ਸੀ ਜਦ ਕਿ ਅਗੰਮ ਵਾਕ ਉਸਦੇ ਵਿਰੁੱਧ ਸੀ। ਜਦ ਉਹ ਮਹਾਨ ਬਲਵੰਤ ਨਬੀ ਏਲੀਯਾਹ ਉਹਦੇ ਕੋਲ ਤੁਰ ਕੇ ਗਿਆ ਕਿਉਂਕਿ ਉਸ ਆਹਾਂਬ ਨੇ ਉਸ ਨਿਰਦੋਸ਼ ਆਦਮੀ ਦੀ ਜਾਣ ਲਈ ਸੀ। ਸੋ ਉਹਨੇ ਕਿਹਾ, "ਕੁੱਤੇ ਤੇਰਾ ਲਹੂ ਚੱਟਣਗੇ"। ਤਦ ਕਿਵੇਂ ਮਿਕਾਹ ਚੰਗੀਆਂ ਗੱਲਾਂ ਦਾ ਅਗੰਮ ਵਾਕ ਕਰ ਸਕਦਾ ਸੀ?

41 ਕਿਵੇਂ ਪਵਿੱਤਰ ਆਤਮਾ ਨਾਲ ਭਰੇ ਹੋਏ ਪਰਮੇਸ਼ਵਰ ਦੇ ਬੱਚੇ ਅੱਜ ਪਾਪੀਆਂ ਕੱਬੇ ਲੋਕਾਂ ਦੇ ਲਈ ਜਿਹਨਾਂ ਨੇ ਪ੍ਰਭੂ ਨੂੰ ਬਾਹਰ ਧੱਕ ਦਿੱਤਾ ਹੈ ਚੰਗੀਆਂ ਗੱਲਾਂ ਦਾ ਅਗੰਮ ਵਾਕ ਕਰ ਸਕਦੇ ਹਨ? ਔਹ, ਪਰਮੇਸ਼ਵਰ ਅਸੀਂ

ਤਾਂ ਸਿਰਫ਼ ਨਿਆਂ ਦੀ ਕੁੜੱਤਣ ਹੀ ਅਗਾਂਹ ਵੇਖਦੇ ਹਾਂ। ਤੇ ਉਹ ਜਿਹੜੇ ਠੀਕ ਨਹੀਂ ਹਨ ਉਹਨਾਂ ਲਈ ਚੀਕ ਰਹੇ ਹਾਂ, "ਪ੍ਰਭੂ ਦੇ ਕੋਲ ਭੇਜੋ, ਕਿਉਂਕਿ ਉਹ ਹੁਸੀ ਹੋਈ ਧਰਤੀ ਵਿੱਚ ਚਟਾਨ ਹੈ! ਤੇ ਤੂਫਾਨ ਦੇ ਵੇਲੇ ਉਹ ਸ਼ਰਨਸਥਾਨ ਹੈ। ਤੇ ਯਹੋਵਾਹ ਦਾ ਨਾਮ ਇੱਕ ਪੱਕਾ ਬੁਰਜ ਹੈ। ਧਰਮੀ ਭੱਜ ਕੇ ਉਹਦੇ ਵਿੱਚ ਜਾਂਦਾ ਹੈ ਤੇ ਬਚਿਆ ਰਹਿੰਦਾ ਹੈ"। ਕਿਵੇਂ ਅਸੀਂ ਉਹਨਾਂ ਮਹਾਨ ਸ਼ਹਿਰਾਂ ਦੇ ਬਾਰੇ ਸੋਚ ਸਕਦੇ ਹਾਂ ਜੋ ਕਿ ਸ਼ਰਨ ਲਾਈਨ ਲਈ ਬਣਾਏ ਸਨ। ਅਤੇ ਜਦ ਆਦਮੀ ਦਾ ਪਿੱਛਾ ਕਰਨ ਵਾਲਾ...ਤੇ ਜਦ ਉਹ ਆਦਮੀ ਬੁਰਜ ਵਿੱਚ ਵੜ ਜਾਂਦਾ ਹੈ ਉਹ ਸੁਰੱਖਿਅਤ ਹੈ। ਉਹਨੂੰ ਹੁਣ ਕੋਈ ਕੁਝ ਨਹੀਂ ਕਰ ਸਕਦਾ। ਉਹ ਖੁਦਾਇਆ, ਆਓ ਅਸੀਂ ਭਜੀਏ ਤੇ ਜਲਦੀ ਨਾਲ ਪ੍ਰਭੂ ਦੇ ਕੋਲ ਜਾਈਏ ਕਿਉਂਕਿ ਉਹ ਸਾਡੀ ਸ਼ਰਨ ਅਤੇ ਜੋਰ ਹੈ। ਮੁਸੀਬਤ ਦੇ ਵਿੱਚ ਸਹਿਜ ਨਾਲ ਮਿਲ ਜਾਣ ਵਾਲੀ ਮੱਦਦ ਹੈ। ਉਕਾਬ ਵਾਲੀ ਅੱਖ ਨਾਲ ਵੇਖਣ ਤੇ ਜਿਵੇਂ ਕਿ ਮੁਸੀਬਤਾਂ ਆ ਰਹੀਆਂ ਸਨ। ਬਦਲ ਛਾ ਰਹੇ ਹਨ, ਨਿਆਂ ਦੀ ਗਰਜ ਤੇ ਲਿਸ਼ਕ ਧਰਤੀ ਵੱਲ ਵੇਖ ਰਹੀ ਹੈ। ਅਸੀਂ ਜਾਣਦੇ ਹਾਂ ਕਿ ਤੂਫਾਨ ਨੇੜੇ ਹੈ।

42 ਅੱਜ ਰਾਤ ਪ੍ਰਭੂ ਅਸੀਂ ਇਹਨਾਂ ਦੇ ਲਈ ਜਿਹਨਾਂ ਨੇ ਆਪਣੇ ਹੱਥ ਖੜ੍ਹੇ ਕੀਤੇ ਹਨ ਪ੍ਰਾਰਥਨਾ ਕਰਦੇ ਹਾਂ। ਪਿਤਾ ਮੈਂ ਨਹੀਂ ਜਾਣਦਾ ਕਿ ਉਹਨਾਂ ਨੂੰ ਕੀ ਚਾਹੀਦਾ ਹੈ ਪਰ ਤੂੰ ਜਾਣਦਾ ਹੈਂ। ਮੇਰੀ ਬੇਨਤੀ ਹੈ ਕਿ ਤੂੰ ਹਰੇਕ ਉਹ ਚੀਜ ਜਿਨ੍ਹਾਂ ਲਈ ਉਹਨਾਂ ਨੇ ਹੱਥ ਖੜ੍ਹਾ ਕੀਤਾ ਹੈ ਉਹਨਾਂ ਦੇ ਅਮੋਲਕ ਰੂਹਾਂ ਦੇ ਲਈ ਬਖਸ਼ ਦੇਵੇਂਗਾ। ਪ੍ਰਭੂ ਇਹ ਬਖਸ਼ ਦੇ। ਬਿਮਾਰਾਂ ਨੂੰ ਚੰਗਾ ਕਰ ਤੇ ਥੱਕੇ ਹੋਇਆਂ ਨੂੰ ਹੌਂਸਲਾ ਦੇ। ਮੁਸੀਬਤ ਵਿੱਚ ਪਿਆਂ ਨੂੰ ਆਨੰਦ ਨਾਲ ਭਰ ਦੇ। ਥੱਕਿਆਂ ਨੂੰ ਸ਼ਾਂਤੀ ਬਖਸ਼ ਦੇ। ਭੁੱਖੇ ਨੂੰ ਭੋਜਨ। ਤਿਹਾਏ ਨੂੰ ਪਾਣੀ ਦੇ। ਉਦਾਸ ਮਨ ਨੂੰ ਖੁਸ਼ੀ ਬਖਸ਼ ਦੇ। ਤੇ ਕਲੀਸੀਆ ਨੂੰ ਸ਼ਕਤੀ ਬਖਸ਼ ਦੇ। ਪ੍ਰਭੂ ਸਾਡੇ ਵਿਚਕਾਰ ਅੱਜ ਰਾਤ ਯਿਸੂ ਨੂੰ ਲਿਆ, ਜਿਵੇਂ ਕਿ ਅਸੀਂ ਪ੍ਰਭੂ ਭੋਜ ਲੈਣ ਵਾਲੇ ਹਾਂ। ਉਹਦੇ ਟੁੱਟੇ ਹੋਏ ਬਦਨ ਨੂੰ ਦਰਸਾਉਂਦੇ ਹੋਏ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਪ੍ਰਭੂ ਉਹ ਸਾਡੇ ਵਿੱਚ ਅਨੋਖੇ ਢੰਗ ਨਾ਼ਲ ਆਵੇ।

43 ਇਸ ਮੰਡਲੀ ਨੂੰ ਬਰਕਤ ਦੇ, ਇਸਦੇ ਪਾਸਟਰ ਭਾਈ ਨੇਵਿਲ ਅਤੇ ਉਹਦੇ ਪਰਿਵਾਰ ਨੂੰ ਬਰਕਤ ਦੇ। ਅਤੇ ਡਿਕਨਸ ਅਤੇ ਟ੍ਰਸਟੀ ਅਤੇ ਹਰੇਕ ਵਿਅਕਤੀ ਜੋ ਕਿ ਹਾਜਰ ਹੈ। ਪ੍ਰਭੂ ਸਭ ਨੂੰ ਸੰਸਾਰ ਦੇ ਆਲੇ ਦੁਆਲੇ ਬਰਕਤ ਦੇ ਜੋ ਕਿ ਪ੍ਰਭੂ ਦੀ ਆਮਦ ਦਾ ਆਨੰਦ ਨਾਲ ਇੰਤਜਾਰ ਕਰ ਰਹੇ ਹਨ। ਜਿਹਨਾਂ ਨੇ ਆਪਣੇ ਦੀਵਿਆਂ ਦੀਆਂ ਬੱਤੀਆਂ ਛਾਂਗ ਲਈਆਂ ਤੇ ਸ਼ੀਸ਼ੇ ਚਮਕ ਲਏ ਹਨ। ਅਤੇ ਹਨੇਰੇ ਥਾਵਾਂ ਵਿੱਚ ਸੁਸਮਾਚਾਰ ਦੀ ਲੋ ਚਮਕ ਰਹੀ ਹੈ।

44 ਹੁਣ, ਪ੍ਰਭੂ ਇਹਨਾਂ ਸਭ ਕੁਝ ਸ਼ਬਦਾਂ ਦੇ ਨਾਲ ਮੇਰੀ ਮੱਦਦ ਕਰ। ਜਿਵੇਂ

ਅਸੀਂ ਪੜ੍ਹਦੇ ਹਾਂ ਇਹਨੂੰ ਬਰਕਤ ਦੇ। ਅਤੇ ਸਾਨੂੰ ਵਿਸ਼ਾ ਦੇ ਕਿਉਂਕਿ ਅਸੀਂ ਪ੍ਰਭੂ ਦੇ ਨਾਮ ਵਿੱਚ ਮੰਗਦੇ ਹਾਂ ਆਮੀਨ।

45 ਹੁਣ ਅਸੀਂ ਪਵਿੱਤਰ ਸ਼ਾਸਤਰ ਵਿੱਚ ਯੂਹੰਨਾ ਦੀ ਅੰਜੀਲ ਤੇ ਉਹਦੇ 6 ਬਾਬ ਵੱਲ ਮੁੜੀਏ। ਇਹ ਚੰਗਾ ਹੋਵੇਗਾ ਕਿ ਘਰ ਆ ਕੇ ਸਾਡੇ ਵਿੱਚੋਂ ਹਰੇਕ ਇਹ ਸਾਰਾ ਅਧਿਆਏ ਪੜੇ। ਮੈਂ ਸੰਤਾਲੀ ਆਇਤ ਤੋਂ ਪੜਨਾ ਸ਼ੁਰੂ ਕਰਕੇ 59 ਆਇਤ ਤਕ ਪੜਾਂਗਾ। ਸੰਦੇਸ਼ ਨੂੰ ਲੈਣ ਦਾ ਇੱਕ ਤਰੀਕਾ ਹੈ; *ਪ੍ਰਭੂ ਭੋਜ*

ਯਿਸੂ ਹੁਣ ਫਸਾਹ ਦੇ ਤਿਉਹਾਰ ਤੇ ਬੋਲ ਰਿਹਾ ਸੀ। ਇਹ ਮਹਾਨ ਸਮਾਂ ਸੀ ਪਰਬ ਤੇ ਬੋਲਣ ਦਾ। ਉਹਨਾਂ ਨੇ ਚਟਾਨ ਵਿੱਚੋਂ ਪਾਣੀ ਪੀਤਾ, ਜਿਹੜੀ ਚਟਾਨ ਬੀਆਬਾਨ ਵਿੱਚ ਸੀ ਉਹਨੂੰ ਇਹ ਦਰਸਾਉਂਦੀ ਸੀ। ਉਸ ਪੰਨੇ ਦੀ ਯਾਦਗਿਰਿ ਵਿੱਚ ਜਿਹੜਾ ਕਈ ਸੈਂਕੜੇ ਸਾਲ ਪਹਿਲਾਂ ਉਹ ਗਿਆ ਸੀ ਉਹ ਇਹਨਾਂ ਤਿਉਹਾਰਾਂ ਤੇ ਖਾਂਦੇ ਸਨ। ਇਹ ਕੇਵਲ ਫਸਾਹ ਦਾ ਤਿਉਹਾਰ ਸੀ ਜਿਵੇਂ ਕਿ ਅੱਜ ਰਾਤ ਅਸੀਂ ਕਰਾਂਗੇ।

*ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਨਿਹਚਾ ਕਰਦਾ ਹੈ ਸਦੀਪਕ ਜੀਵਨ ਉਸੇ ਦਾ ਹੈ।*

*ਜੀਵਨ ਦੀ ਰੋਟੀ ਮੈਂ ਹਾਂ।*

*ਤੁਹਾਡੇ ਪਿਉ ਦਾਦਿਆਂ ਨੇ ਉਜਾੜ ਵਿੱਚ ਮੰਨਾ ਖਾਧਾ ਸੀ ਅਤੇ ਮਰ ਗਏ।*

*ਜਿਹੜੀ ਰੋਟੀ ਸਵਰਗ ਤੋਂ ਉਤਰਦੀ ਹੈ ਭਈ ਮਨੁੱਖ ਉਸ ਵਿੱਚੋਂ ਖਾ ਕੇ ਨਾ ਮਰੇ ਸੋ ਇਹੋ ਹੈ।*

*ਉਹ ਜਿਉਂਦੀ ਰੋਟੀ ਜੋ ਸੁਰਗੋਂ ਉੱਤਰੀ ਉਹ ਮੈਂ ਹੀ ਹਾਂ: ਜੇ ਕੋਈ ਇਸ ਰੋਟੀ ਵਿੱਚੋਂ ਕੁਝ ਕਹਾਏ ਉਹ ਸਦਾ ਤਕ ਜਿਉਂਦਾ ਰਹੇਗਾ: ਅਤੇ ਜੋ ਰੋਟੀ ਮੈਂ ਦਿਆਂਗਾ ਸੋ ਮੇਰਾ ਮਾਸ ਹੈ, ਜਿਹੜਾ ਜਗਤ ਦੇ ਜਿਉਣ ਲਈ ਮੈਂ ਦਿਆਂਗਾ।*

*ਇਸ ਲਈ ਯਹੂਦੀ ਆਪਸ ਵਿੱਚ ਇਹ ਕਹਿ ਕੇ ਬਹਿਸਣ ਲੱਗੇ ਸੋ ਇਹ ਸਾਨੂੰ ਆਪਣਾ ਮਾਸ ਕਿਕੁਰ ਦੇ ਸਕਦਾ ਹੈ?*

*ਤਦ ਯਿਸੂ ਨੇ ਉਹਨਾਂ ਨੂੰ ਆਖਿਆ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਜੇ ਤੁਸੀਂ ਮਨੁੱਖ ਦੇ ਪੁੱਤਰ ਦਾ ਮਾਸ ਨਾ ਖਾਓ ਅਤੇ ਉਹਦਾ ਲਹੂ ਨਾ ਪੀਓ ਤਾਂ ਤੁਹਾਡੇ ਵਿੱਚ ਜਿਊਣ ਨਹੀਂ ਹੈ।*

*ਜੋ ਕਿ ਮੇਰਾ ਮਾਸ ਖਾਂਦਾ ਅਤੇ ਮੇਰਾ ਲਹੂ ਪੀਂਦਾ ਹੈ ਸਦੀਪਕ ਜੀਵਨ ਉਸੇ ਦਾ ਹੈ। ਮੈਂ ਅੰਤ ਦੇ ਦਿਨ ਉਸਨੂੰ ਜਿਉਂਦਾ ਉਠਾਵਾਂਗਾ।*

*ਕਿਉਂਕਿ ਮੇਰਾ ਮਾਸ ਸੱਚ ਮੁੱਚ ਖਾਣ ਦੀ ਅਤੇ ਮੇਰਾ ਲਹੂ ਪੀਣ ਦੀ ਵਸਤੂ ਹੈ।*

*ਜੋ ਮੇਰਾ ਮਾਸ ਖਾਂਦਾ ਹੈ ਅਤੇ ਮੇਰਾ ਲਹੂ ਪੀਂਦਾ ਹੈ ਸੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ।*

*ਜਿਸ ਤਰ੍ਹਾਂ ਜਿਉਂਦੇ ਪਿਤਾ ਨੇ ਮੈਨੂੰ ਭੇਜਿਆ ਹੈ ਅਤੇ ਮੈਂ ਪਿਤਾ ਦੇ ਕਾਰਣ ਜਿਉਂਦਾ ਹਾਂ: ਉਸੇ ਤਰ੍ਹਾਂ ਜਿਹੜਾ ਮੈਨੂੰ ਖਾਂਦਾ ਹੈ ਸੋ ਮੇਰੇ ਕਾਰਣ ਜੀਏਗਾ। ਜੋ ਰੋਟੀ ਸੁਰਗੋਂ ਉੱਤਰੀ ਹੈ ਸੋ ਇਹੋ ਹੀ ਹੈ।*

*ਜਿਵੇਂ ਵੱਡਿਆਂ ਨੇ ਖਾਧੀ ਅਤੇ ਮਰ ਗਏ, ਸੋ ਨਹੀਂ। ਪਰ ਜਿਹੜਾ ਇਹ ਰੋਟੀ ਖਾਂਦਾ ਹੈ ਉਹ ਸਦਾ ਜਿਉਂਦਾ ਰਹੇਗਾ।*

*ਉਹਨੇ ਕਫ਼ਰਨਾਹੂਮ ਦੀ ਇੱਕ ਸਮਾਜ ਵਿੱਚ ਉਪਦੇਸ਼ ਦਿੰਦਿਆਂ ਇਹ ਗੱਲਾਂ ਆਖੀਆਂ।*

46 ਹੋਣ ਦੇ ਕਿ ਪ੍ਰਭੂ ਆਪਣੇ ਵਚਨ ਤੇ ਆਸ਼ੀਸ਼ ਦੇਵੇ। ਮੈਂ ਕੁਝ ਪਲਾਂ ਲਈ *ਪ੍ਰਭੂ ਭੋਜ* ਦੇ ਵਿਸ਼ੇ ਤੇ ਬੋਲਣਾ ਚਾਹੁੰਦਾ ਹਾਂ। *ਪ੍ਰਭੂ ਭੋਜ* ਦਾ ਅਰਥ ਕੀ ਹੈ? *ਪ੍ਰਭੂ ਭੋਜ* ਦਾ ਮਤਲਬ ਹੈ "ਗੱਲਬਾਤ ਕਰਨਾ"। *ਪ੍ਰਭੂ ਭੋਜ* ਦਾ ਅਸਲੀ ਮਤਲਬ ਹੈ "ਸੰਗਤ ਕਰਨਾ ਜਾਂ ਇੱਕ ਦੂਜੇ ਨਾਲ ਗੱਲਬਾਤ ਕਰਨਾ"। ਜੇ ਤੁਸੀਂ ਟੈਲੀਫ਼ੋਨ ਤੇ ਕਿਸੇ ਨਾਲ ਗੱਲਬਾਤ ਕਰੋ, ਤੁਸੀਂ ਗੁਫਤਗੂ ਕਰਦੇ ਹੋ, ਤੁਸੀਂ ਇੱਕ ਦੂਜੇ ਨਾਲ ਗੱਲਬਾਤ ਕਰਦੇ ਹੋ। ਅਤੇ ਜੇ ਅਸੀਂ ਇੱਕ ਪਾਸੇ ਵੱਲ ਨੂੰ ਆਈਏ ਤੇ ਇਮਾਰਤ ਦੇ ਪਿੱਛੇ ਆ ਕੇ ਖਲੋ ਜਾਈਏ। ਕੋਈ ਜਣਾ ਅਤੇ ਪਾਸਟਰ, ਜਾਂ ਕੋਈ ਵੀ ਦੋ ਜਣੇ, ਉਹ ਇੱਕ ਦੂਜੇ ਨਾਲ ਗੱਲ ਬਾਤ ਕਰਦੇ ਹਨ।

47 ਅਸੀਂ ਰੇਡੀਓ ਜਾਂ ਟੈਲੀਵੀਜਨ ਦੇ ਦੁਆਰਾ ਗੱਲਬਾਤ ਨਹੀਂ ਕਰਦੇ, ਕਿਉਂਕਿ ਤੁਸੀਂ ਵਾਪਸੀ ਗੱਲਬਾਤ ਨਹੀਂ ਕਰ ਸਕਦੇ। ਪਰ ਜਦ...ਤੁਸੀਂ ਫੋਨ ਕਰ ਸਕਦੇ ਹੋ, ਕਿਉਂਕਿ ਤੁਸੀਂ ਇੱਕ ਦੂਜੇ ਨਾਲ ਗੱਲਬਾਤ ਕਰ ਰਹੇ ਹੋ। ਇਹ ਸਿਰਫ਼ ਇੱਕ ਪਾਸਾ ਨਹੀਂ ਹੈ। ਇਹ ਹੈ...ਮੈਂ ਹੁਣ ਤੁਹਾਡੇ ਲਈ ਗੱਲਬਾਤ ਨਹੀਂ ਕਰ ਸਕਦਾ, ਕਿਉਂਕਿ ਤੁਸੀਂ ਵਾਪਸੀ ਗੱਲਬਾਤ ਨਹੀਂ ਕਰਦੇ ਹੋ। ਸੋ ਗੱਲਬਾਤ ਕਰਨਾ ਇੱਕ ਸੇਵਾਦਾਰ ਨੂੰ ਸੰਦੇਸ਼ ਪ੍ਰਚਾਰ ਕਰਦੇ ਹੋਇਆਂ ਆ ਕੇ ਸੁਣਨਾ ਨਹੀਂ ਹੈ। ਇਸ ਤਰ੍ਹਾਂ ਆ ਕੇ ਇਕੱਠੇ ਗੱਲ ਬਾਤ ਕਰਨ ਨਹੀਂ ਹੋਵੇਗਾ। ਪ੍ਰਭੂ ਭੋਜ ਉਦਾਂ ਇਹ ਨਹੀਂ ਹੋਵੇਗਾ। ਜੇ ਤੁਸੀਂ ਸੇਵਾਦਾਰ ਨਾਲ ਗੱਲਬਾਤ ਕਰਨ ਆਏ ਹੋ, ਤਾਂ ਤੁਸੀਂ ਉਹਨੂੰ ਇੱਕ ਪਾਸੇ ਸੱਦੋਗੇ, ਜਾਂ ਕਿਸੇ ਵੀ ਜਣੇ ਨਾਲ ਜਾਂ ਕਿਸੇ ਵੀ ਭੈਣ ਭਰਾ ਦੇ ਨਾਲ ਗੱਲਬਾਤ ਕਰਨ ਲਈ।

48 ਪਰ ਅਸੀ ਪ੍ਰਭੂ ਭੋਜ ਤੇ ਕਿਉਂ ਆਉਂਦੇ ਹਾਂ ਤਾਂ ਸਾਡੇ ਵਿੱਚੋਂ ਹਰੇਕ ਵਿਅਕਤੀਗਤ ਮਸੀਹ ਨਾਲ ਗੱਲਬਾਤ ਕਰ ਸਕੇ। ਇਹ ਹੈ ਪ੍ਰਭੂ ਭੋਜ। ਤਦ,

ਪ੍ਰਭੂ ਭੋਜ ਇਹ ਨਹੀਂ ਹੈ ਕਿ *ਇੱਕ* ਜਣਾ ਹੀ ਗੱਲ ਕਰੇ। ਅਸੀਂ ਸਾਰੇ ਹੀ ਗੱਲਬਾਤ ਕਰੀਏ। ਪਰ ਉਡੀਕ ਕੇ ਵੇਖੀਏ ਕਿ ਉਹ ਸਾਡੇ ਨਾਲ ਵਾਪਸੀ ਦੀ ਗੱਲਬਾਤ ਕਰੇਗਾ।

49 ਇੱਥੇ ਹੀ ਕਈ ਵਾਰ ਅਸੀਂ ਆਪਣੀਆਂ ਮਹਾਨ ਗਲਤੀਆਂ ਕਰਦੇ ਹਾਂ। ਅਸੀਂ ਹੀ ਸਾਰੀ ਗੱਲਬਾਤ ਕਰਦੇ ਹਾਂ ਤੇ ਉਹਨਾਂ ਨੂੰ ਮੌਕਾ ਨਹੀਂ ਦਿੰਦੇ ਕਿ ਉਹ ਸਾਡੇ ਨਾਲ ਵਾਪਸੀ ਗੱਲ ਕਰੇ। ਅਸੀਂ ਕਦੇ ਕਦੇ ਜਾਣਦੇ ਹਾਂ, ਆਖਦੇ ਹਾਂ, "ਪ੍ਰਭੂ ਮੈਂ ਚਾਹੁੰਦਾ ਹਾਂ ਕਿ ਤੂੰ *ਫਲਾਣਾ ਫਲਾਣਾ* ਅਤੇ *ਫਲਾਣਾ ਫਲਾਣਾ* ਕੰਮ ਕਰੇ, ਆਮੀਨ," ਤੇ ਉਠ ਕੇ ਚਲੇ ਜਾਂਦੇ ਹਾਂ। ਹੁਣ, ਇਹ ਤਾਂ ਸੱਚਮੁੱਚ ਸੰਗਤ ਨਹੀਂ ਹੈ। ਇਹ ਤਾਂ ਜਾਣਾ ਅਤੇ ਆਪਣੇ ਲਈ ਕਿਰਪਾ ਮੰਗਣਾ ਹੈ। ਪਰ ਜਦ ਤੁਸੀਂ ਵਧੇਰੇ ਸਮੇਂ ਠਹਿਰੇ ਰਹਿੰਦੇ ਹੋ ਕਿ ਉਹ ਜਵਾਬ ਦੇਵੇ, ਇਹ ਹੈ ਉਹ ਸਮੇਂ ਜਦ ਤੁਸੀਂ ਗੱਲਬਾਤ ਕਰਦੇ ਹੋ। ਪ੍ਰਭੂ ਦੇ ਨਾਲ ਗੱਲਬਾਤ ਕਰਦੇ ਹੋ। ਹੁਣ, ਤੇ ਮਹਾਨ ਢੰਗ ਨਾਲ ਗੱਲਬਾਤ ਕਰਨ ਦਾ ਇਹ ਹੈ, ਜਦ ਅਸੀਂ ਮੰਨ ਲੈਂਦੇ ਹਾਂ। ਤੁਹਾਨੂੰ ਜਰੂਰ ਕੁਝ ਗੱਲਾਂ ਮੰਨਣਿਆਂ ਚਾਹੀਦੀਆਂ ਹਨ। ਇਹ ਅਜੀਬ ਅਤੇ ਹੈਰਾਨੀ ਦੀ ਗੱਲ ਹੈ ਕਿ ਜਦ ਸਾਨੂੰ ਚੀਜਾਂ ਮਿਲ ਜਾਂਦੀਆਂ ਹਨ...

50 ਖਾਣਾ ਇਹਦੇ ਨਾਲ ਹੀ ਜੁੜਿਆ ਹੋਇਆ ਹੈ। ਤੁਸੀਂ ਵਪਾਰੀਆਂ ਨੂੰ ਲਓ, ਜਦ ਉਹ ਵਪਾਰ ਦਾ ਕੋਈ ਮਾਮਲਾ ਤਹਿ ਕਰਨ ਚਾਹੁੰਦੇ ਹਨ, ਤਾਂ ਉਹ ਕਿਸੇ ਭੋਜਨ ਦੀ ਦਾਵਤ ਦੇਣਗੇ। ਤੇ ਜਦ ਉਹ ਖਾਣ ਲਈ ਬੈਠ ਜਾਣਗੇ, ਤਦ ਉਹ ਇੱਕ ਦੂਜੇ ਨਾਲ ਗੱਲਬਾਤ ਕਰਦੇ ਹਨ। ਤੇ ਇੱਕ ਚੰਗਾ ਵਪਾਰੀ ਉਹ ਕਿਸੇ ਨਾਲ ਭੁੱਖੇ ਪੇਟ ਗੱਲਬਾਤ ਨਹੀਂ ਕਰ ਸਕਦਾ। ਇਹ ਹਮੇਸ਼ਾ ਹੀ ਚੰਗਾ ਹੈ ਕਿ ਉਡੀਕਿਆ ਜਾਵੇ ਕਿ ਕਦੋਂ ਉਹ ਚੰਗਾ ਮਹਿਸੂਸ ਕਰਦਾ ਹੈ। ਅਤੇ ਜਦ ਉਹਨੇ ਆਪਣਾ ਨਾਸ਼ਤਾ ਖਾ ਲਿਆ ਹੈ। ਉੱਥੇ ਜਾਂ ਕੇ ਉਸਨੂੰ ਬਿਸਤਰੇ ਵਿੱਚੋਂ ਨਾ ਉਠਾਓ ਤੇ ਜੇ ਤੁਸੀਂ ਵੇਚਣਾ ਉਹ ਉਹਨੂੰ ਉਦੋਂ ਨਾ ਦੱਸੋ।ਪਰ ਉਡੀਕੋ ਜਦ ਤਕ ਉਹ ਆਪਣਾ ਸ਼ਾਹਵੇਲਾ ਖਾ ਨਾ ਲਵੇ, ਤੇ—ਤੇ ਉਹਦੀ ਹਾਲਤ ਠੀਕ ਠਾਕ ਨਾ ਹੋਵੇ।

51 ਉਸ ਦਿਨ ਜਿਸ ਔਰਤ ਨੇ ਯਿਸੂ ਦੇ ਪੈਰ ਧੋਤੇ, ਉਹਦੇ ਉੱਤੇ ਪ੍ਰਚਾਰ ਕਰਦੇ ਬੋਲਦਿਆਂ ਹੋਇਆਂ। ਕਨੇਡਾ ਦੇਸ਼ ਵਿੱਚ ਮੈਂ ਇਹਦੇ ਤੇ ਬੋਲ ਰਿਹਾ ਸੀ। ਇਹ ਕਹਿ ਰਿਹਾ ਸੀ ਕਿ ਜਦ ਕੋਈ ਕਿਸੇ ਨੂੰ ਮਿਲਣ ਲਈ ਆਉਂਦਾ ਹੈ ਤੇ ਇਸ ਆਦਮੀ ਨੂੰ ਕੁਝ ਖਾਸ ਵਿਧੀਆਂ ਵਿੱਚੋਂ ਦੀ ਹੋ ਕੇ ਲੰਘਣਾ ਪੈਂਦਾ ਸੀ। ਇਸ ਤੋਂ ਪਹਿਲਾਂ ਕਿ ਉਹ ਸੱਚ ਵਿੱਚ ਆਪਣੇ ਆਪ ਨੂੰ ਗੱਲਬਾਤ ਕਰਕੇ ਯੋਗ ਮਹਿਸੂਸ ਕਰਨ। ਮਿਲਣਾ ਇੱਕ ਗੱਲਬਾਤ ਕਰਨਾ ਹੈ। ਉਹ ਸੱਦਾ ਦੇਣ ਵਾਲੇ ਦੇ ਕੋਲ ਆਉਣਗੇ, ਪਹਿਲਾਂ ਤੁਹਾਨੂੰ ਸੱਦਾ ਦਿੱਤਾ ਜਾਣਾ ਚਾਹੀਦਾ ਹੈ। ਤਦ ਤੁਸੀਂ ਬੂਹੇ

ਉੱਤੇ ਆਉਗੇ ਤੇ ਨੌਕਰ ਤੁਹਾਡੇ ਪੈਰ ਧੋਵੇਗਾ। ਕਿਉਂਕਿ ਸਫ਼ਰ ਵਿੱਚ ਤੁਹਾਡੇ ਪੈਰਾਂ ਤੇ ਪਸ਼ੂਆਂ ਵਗੈਰਾ ਨਾਲ ਲੱਗ ਕੇ ਮੁਸ਼ਕ ਆਉਣ ਲੱਗ ਪੈਂਦੀ ਹੈ। ਉਹ ਸਭ...ਲੋਕ ਉਸੇ ਹੀ ਰਾਹ ਵਿੱਚ ਪਸ਼ੂਆਂ ਨਾਲ ਸਫ਼ਰ ਕਰਦੇ ਸਨ। ਤਦ ਮੁਸ਼ਕ ਅਤੇ ਘੱਟਾ ਮਿੱਟੀ ਹੁੰਦਾ ਸੀ। ਅਤੇ ਫਲਿਸਤਿਨੀ ਵਸਤਰ ਇਹਨਾਂ ਨੂੰ ਲੱਗ ਜਾਂਦੇ ਸਨ। ਅਤੇ ਉਹ ਮੁਸ਼ਕ ਅਤੇ ਮਿੱਟੀ ਘੱਟਾ ਇਹਨਾਂ ਉੱਤੇ ਬਹਿ ਜਾਂਦਾ ਸੀ।ਲੱਤਾਂ ਦੇ ਪਸੀਨੇ ਤੇ ਅਤੇ ਅਤੇ ਚਿਹਰੇ ਤੇ ਜਿਹੜਾ ਹਿੱਸਾ ਨੰਗਾ ਹੁੰਦਾ ਸੀ ਅਤੇ ਹੱਥਾਂ ਉੱਤੇ। ਅਤੇ ਨੌਕਰ ਪ੍ਰਾਹੁਣਿਆਂ ਦੇ ਪੈਰ ਫੜ ਕੇ ਬੂਹੇ ਉੱਤੇ ਧੋਂਦਾ ਸੀ। ਅਤੇ ਦੂਜਾ ਆਦਮੀ ਤੌਲੀਏ ਅਤੇ ਅਤਰਦਾਨੀ ਨਾਲ ਉੱਥੇ ਖੜ੍ਹਾ ਹੁੰਦਾ ਸੀ। ਅਤੇ ਉਹ ਇਹ ਅਤਰਫੁਲੇਲ ਹੱਥਾਂ ਤੇ ਛਿੜਕਦੇ ਹੁੰਦੇ ਸਨ। ਅਤੇ *ਇਸ* ਤਰ੍ਹਾਂ ਉਹਨੂੰ ਰਗੜਦੇ ਅਤੇ ਮੂੰਹ ਤੇ ਵੀ ਘੁੰਮਾ ਲੈਂਦੇ ਸਨ। ਤੇ ਤਦ ਤੌਲੀਆ ਲੈ ਕੇ ਤੇ ਉਹ ਮੂੰਹ ਪੂੰਜਦੇ ਸਨ। ਇਹ ਕਾਰਵਾਈ ਸਾਰੀ ਮੁਸ਼ਕ ਅਤੇ ਘੱਟਾ ਮਿੱਟੀ ਨੂੰ ਲਾਹ ਸੁੱਟਦੀ ਸੀ। ਅਤੇ ਇਹਦੇ ਵਿੱਚ ਕੁਝ ਹੁੰਦਾ ਸੀ ਜਿਹੜਾ ਪੁਦੀਨੇ ਦੇ ਸੱਤ ਵਾਂਗ ਤਾਜਗੀ ਦਿੰਦਾ ਸੀ। ਤੇ ਉਹ ਬਹੁਤ ਤਾਜੇ ਤੇ ਵਧੀਆ ਮਹਿਸੂਸ ਕਰਦੇ ਸਨ।

52 ਤਦ ਜਦ ਉਹ ਅੰਦਰ ਗਏ ਆਪਣੀਆਂ ਗੰਦੀਆਂ ਜੁੱਤੀਆਂ ਨਾਲ ਨਹੀਂ, ਉਹ ਵਧੀਆ ਗਲੀਚੇ। ਉਹ ਇੱਕ ਕਿਸਮ ਦੀਆਂ ਘਰ ਵਿੱਚ ਪਾਉਣ ਵਾਲੀਆਂ ਚੱਪਲਾਂ ਪਾਉਂਦੇ ਸਨ। ਅਤੇ ਤਦ ਉਹ ਅੰਦਰ ਜਾਂਦੇ ਸਨ। ਅਤੇ ਤਦ ਪ੍ਰਾਹੁਣਾ ਅੰਦਰ ਜਾਂਦਾ ਸੀ। ਤੇ ਤਦ ਘਰ ਦਾ ਮਾਲਿਕ ਉਹਨਾਂ ਨੂੰ ਜੀ ਆਇਆਂ ਕਰਕੇ ਸਵਾਗਤ ਕਰਦਾ ਹੈ। ਅਤੇ ਵੇਖੋ ਤੁਸੀਂ ਕਿਸੇ ਨੂੰ ਆਪਣਾ ਚੁੰਮਾ ਨਹੀਂ ਲੈਣ ਦਿਓਗੇ, ਜੇ ਤੁਹਾਡੇ ਕੋਲੋਂ ਮੁਸ਼ਕ ਆਉਂਦੀ ਹੋਵੇ। ਤੁਸੀਂ ਗੰਦੇ ਪੈਰਾਂ ਨਾਲ ਉਹਨਾਂ ਆਲੀਸ਼ਾਨ ਗਲੀਚਿਆਂ ਤੇ ਤੁਰਨਾ ਨਹੀਂ ਚਾਹੋਗੇ, ਤੇ ਤਦ ਤੁਹਾਨੂੰ ਉਹ ਜੀ ਆਇਆਂ ਦੇ ਚੁੰਮੇ ਨਾਲ ਸਵਾਗਤ ਕਰੇਗਾ ਤੇ ਤਦ ਤੁਸੀਂ ਘਰ ਵਾਲਿਆਂ ਵਿੱਚੋਂ ਇੱਕ ਵਰਗੇ ਹੋ ਜਾਂਦੇ ਹੋ।

53 ਅਤੇ ਪਰਮੇਸ਼ਵਰ ਕੋਲ ਵੀ ਅਜਿਹੀਆਂ ਚੀਜਾਂ ਹਨ। ਇਸ ਤੋਂ ਪਹਿਲਾਂ ਕਿ ਅਸੀਂ ਪ੍ਰਭੂ ਨਾਲ ਭੋਜ ਕਰਨ ਲਈ ਸੱਚੀ ਤਿਆਰ ਹੋਈਏ, ਸਾਡਾ ਪਹਿਲਾਂ ਵਚਨ ਦੇ ਪਾਣੀਆਂ ਨਾਲ ਧੋਤਾ ਜਾਣਾ ਬਹੁਤ ਜਰੂਰੀ ਹੈ। ਜੁਦਾਈ, ਜੁਦਾਈ ਦੇ ਪਾਣੀ, ਜਿਹਦੇ ਸਾਨੂੰ ਪਾਪ ਤੋਂ ਜੁਦਾ ਕਰਦੇ ਹਨ। ਹੁਣ, ਤੁਸੀਂ ਪਹਿਲਾਂ ਪਰਮੇਸ਼ਵਰ ਨਾਲ ਗੱਲਬਾਤ ਨਹੀਂ ਕਰ ਸਕਦੇ, ਤੁਸੀਂ ਉਹਦੇ ਨਾਲ ਭੋਜ ਨਹੀਂ ਕਰ ਸਕਦੇ। ਪਹਿਲਾਂ ਤਾਂ ਤੁਹਾਨੂੰ ਉਹਨਾਂ ਕੰਮਾਂ ਤੋਂ ਜੋ ਤੁਸੀਂ ਕੀਤੇ ਹਨ ਤੌਬਾ ਕਰਨੀ ਪਵੇਗੀ। ਕਿਉਂਕਿ ਤੁਸੀਂ ਠੀਕ ਤਰ੍ਹਾਂ ਨਿਹਚਾ ਨਹੀਂ ਕਰ ਸਕਦੇ ਜਦ ਤਕ ਤੁਸੀਂ ਤੌਬਾ ਨਹੀਂ ਕਰ ਲੈਂਦੇ, "ਪ੍ਰਭੂ ਮੇਰੀ ਬੇਪਰਤੀਤੀ ਨੂੰ ਮਾਫ ਕਰ," ਵੇਖਿਆ ਜੇ? "ਮੇਰੀ ਬੇਪਰਤੀਤੀ ਮਾਫ ਕਰ"। ਤੁਹਾਨੂੰ ਪਹਿਲਾਂ ਤੌਬਾ ਕਰਨੀ

ਪੈਣੀ ਹੈ, ਅਤੇ ਜਦ ਤੁਸੀਂ ਪਹਿਲਾਂ ਤੌਬਾ ਕਰਦੇ ਹੋ ਤਾਂ ਤੁਹਾਡੇ…ਪਿਛਲੇ ਪਾਪ ਮਾਫ ਹੁੰਦੇ ਹਨ। ਤਦ ਤੁਸੀਂ ਬਪਤੀਸਮਾ ਲੈਣ ਵਾਲੇ ਵਿਅਕਤੀ ਬਣਦੇ ਹੋ। ਹੁਣ, ਤਦ, ਉਹਨੇ ਬਪਤੀਸਮੇ ਦੇ ਬਾਅਦ ਪਵਿੱਤਰ ਆਤਮਾ ਦਾ ਵਾਈਦਾ ਕੀਤਾ ਹੈ।

54 ਹੁਣ ਗੱਲ ਇਹ ਹੈ ਕਿ ਅਸੀਂ ਪਤਾ ਲਗਾਇਆ ਹੈ ਕਿ ਅਸੀਂ ਆਸ਼ਾਈ ਰਬਾਨੀ ਦੇ ਨਾਲ ਪੈਰ ਧੋਣਾ ਅਤੇ ਹੋਰ ਗੱਲਾਂ ਵੀ ਸੰਬੰਧਿਤ ਹਨ। ਆਪਣੇ ਪੈਰ ਧੋਣੇ, ਪਵਿੱਤਰ ਆਤਮਾ ਦੀ ਸਫਾਈ ਦਾ ਪ੍ਰਤੀਕ ਹੈ।

55 ਹੁਣ ਤਦ ਜਰੂਰੀ ਹੈ ਕਿ ਕੁਝ ਆਪਸੀ ਭਾਵਨਾਵਾਂ ਵੀ ਹੋਣ। ਜੇ ਤੁਸੀਂ ਆਪਣੇ ਜਜਮਾਨ ਨਾਲ ਕੰਢੇ ਤੇ ਹੋ, ਤਦ ਤੁਸੀਂ ਸੰਗਤ ਨਹੀਂ ਕਰ ਸਕਦੇ। ਨਹੀਂ, ਤੁਸੀਂ ਇਹ ਨਹੀਂ ਕਰ ਸਕਦੇ। ਕਿਉਂਕਿ ਤੁਸੀਂ ਉਸ ਨਾਲ ਰਜਾਮੰਦ ਨਹੀਂ ਹੋ। ਪਰ ਜੇ ਤੁਸੀਂ ਰਜਾਮੰਦੀ ਵਿੱਚ ਹੋ, ਤਾਂ ਤੁਸੀਂ ਸੰਗਤ ਕਰ ਸਕਦੇ ਹੋ। ਸੋ ਇਹੋ ਹੀ ਤਰੀਕਾ ਉਦੋਂ ਵੀ ਹੈ ਜਦੋਂ ਅਸੀਂ ਪ੍ਰਭੂ ਦੀ ਮੇਜ ਤੇ ਆਉਂਦੇ ਹਾਂ। ਅਸੀਂ ਉਹਦੇ ਵਚਨ ਦੀ ਰਜਾਮੰਦੀ ਵਿੱਚ ਹੋਣਾ ਹੈ। ਵੇਖਿਆ ਜੇ? ਸਾਡਾ ਨਵਾਂ ਜਨਮ ਜਰੂਰੀ ਹੋਣਾ ਚਾਹੀਦਾ ਹੈ। ਸਾਡੇ ਅੰਦਰ ਪਰਮੇਸ਼ਵਰ ਦੇ ਆਤਮਾ ਨੇ ਹਰੇਕ ਸ਼ਬਦ ਤੇ "ਆਮੀਨ"ਆਖਣਾ ਹੈ ਜੋ ਉਹਨੇ ਲਿਖਿਆ ਹੈ। ਤਦ ਅਸੀਂ ਉਹਦੇ ਨਾਲ ਸੰਗਤ ਕਰ ਸਕਦੇ ਹਾਂ।

56 ਇਹ ਅਸੀਂ ਪਰਮੇਸ਼ਵਰ ਤੋਂ ਪਾਇਆ ਹੈ। ਜੇ ਸਾਡਾ ਦਿਲ ਸਾਨੂੰ ਦੋਸ਼ੀ ਨਹੀਂ ਠਹਿਰਾਉਂਦਾ ਤਦ ਪਰਮੇਸ਼ਵਰ ਦੀਆਂ ਨਜਰਾਂ ਵਿੱਚ ਅਸੀਂ ਕਿਰਪਾ ਪਾਉਂਦੇ ਹਾਂ। ਅਸੀਂ ਜਾਣਦੇ ਹਾਂ ਕਿ ਸਾਨੂੰ ਸਾਡੀਆਂ ਬੇਨਤੀਆਂ ਅਤੇ ਦਰਖਸਤਾਂ ਦਾ ਜਵਾਬ ਮਿਲਦਾ ਹੈ, ਕਈਉਣਕੀ ਸਾਡੇ ਦਿਲ ਸਾਨੂੰ ਦੋਸ਼ੀ ਨਹੀਂ ਠਹਿਰਾਉਂਦੇ। ਹੁਣ ਜੇ ਪਰਮੇਸ਼ਵਰ ਸਾਨੂੰ ਆਖਦਾ ਹੈ ਕਿ ਸਾਨੂੰ ਨਵਾਂ ਜਨਮ ਲੈਣਾ ਚਾਹੀਦਾ ਹੈ ਤਾਂ ਅਸੀਂ ਥੋੜ੍ਹਾ ਜਿਹਾ ਉਹਦੇ ਕੋਲ ਜਾ ਕੇ ਉਹਨੂੰ ਇਹਦੇ ਬਾਰੇ ਕੁਝ ਪੁੱਛਣ ਦੇ ਲਈ ਅਜੀਬ ਜਿਹਾ ਮਹਿਸੂਸ ਕਰਾਂਗੇ, ਵੇਖੋ। ਕਿਉਂਕਿ ਅਸੀਂ ਜਾਣਦੇ ਹਾਂ ਕਿ ਅਸੀਂ ਉਹਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਹਨ। ਤਾਂ ਫਿਰ ਇੱਕੋ ਹੀ ਗੱਲ ਹੈ ਤੇ ਉਹ ਹੈ ਪਾਪੀ ਦੀ ਪ੍ਰਾਰਥਨਾ। ਪਰ ਉਹਦੇ ਨਾਲ ਅਸੀਂ ਗੱਲਾਂ ਕਰਦੇ ਹਾਂ। ਜਦ ਅਸੀਂ ਉਹਦੇ ਨਾਲ ਸੰਗਤ ਵਿੱਚ ਹੁੰਦੇ ਹਾਂ। ਇਸ ਤਰ੍ਹਾਂ ਭੋਜ ਹੁੰਦੇ ਹਨ।

57 ਹੁਣ, ਸੰਗਤ ਕਰਨ ਦੇ ਇਸ ਤਰੀਕੇ ਦੇ ਬਾਰੇ ਮੈਂ ਥੋੜ੍ਹੇ ਚਿਰ ਲਈ ਵਿਆਖਿਆ ਕਰਾਂਗਾ। ਹੁਣ, ਅਸੀਂ ਜੋ ਲੈਂਦੇ ਹਾਂ ਜਿਹਨੂੰ ਅਸੀਂ *ਪ੍ਰਭੂ ਭੋਜ* ਆਖਦੇ ਹਾਂ, ਉਹ ਰੋਟੀ ਅਤੇ ਦਾਖਰਸ ਹੈ। ਹੁਣ ਇਹ ਅਜਿਹਾ ਪੇਸ਼ ਕੀਤਾ ਹੈ ਕਿ ਇਹਦੇ ਬਾਰੇ ਵਿੱਚ ਬੋਲਣਾ ਚੰਗਾ ਨਹੀਂ ਲੱਗਦਾ। ਉਹ ਇਹ ਕਿਵੇਂ

ਗਲਤ ਢੰਗ ਸਾਲਾਂ ਬੱਧੀ ਪੇਸ਼ ਕੀਤਾ ਹੈ! ਉਹ ਅਸਲ ਵਿੱਚ ਪ੍ਰਭੂ ਭੋਜ ਨਹੀਂ ਹੈ। ਇਹ ਤਾਂ ਕੇਵਲ ਹੁਕਮ ਦਾ ਮੰਨਣਾ ਹੀ ਹੈ। ਵੇਖਿਆ ਜੇ। ਹੁਣ ਪ੍ਰਭੂ ਭੋਜ ਕਹਿਣ ਦਾ ਕਾਰਣ। ਇਹ ਹੈ ਕਿ ਇਹ ਕੈਥੋਲਿਕ ਮੱਤ ਦੇ ਪ੍ਰਭੂ ਭੋਜ ਦੇ ਪ੍ਰਾਰਥਨਾ ਦੇ ਨਾਲ ਸੰਬੰਧਿਤ ਹੈ "ਜੋ ਕਿ ਪਰਤੱਖ ਤੌਰ ਤੇ ਪ੍ਰਭੂ ਯਿਸੂ ਦਾ ਬਦਨ ਹੈ"। ਪਰ ਇਹ ਪਦਾਰਥ ਯਿਸੂ ਦੀ ਦੇਹ ਨਹੀਂ ਹੈ! ਇਹ ਤਾਂ ਕੇਵਲ ਉਹਦੀ ਦੇਹ ਦੀ ਯਾਦਗਾਰ ਵਿੱਚ ਹੈ।

58 ਮੈਨੂੰ ਇਹਦੀ ਪਰਵਾਹ ਨਹੀਂ ਹੈ ਕਿ ਕਿੰਨੇ ਜਾਜਕ, ਪ੍ਰਚਾਰਕ ਜਾਂ ਜੋ ਕੋਈ ਵੀ ਇਹਦੇ ਉੱਤੇ ਬਰਕਤ ਦਿੰਦਾ ਹੈ, ਇਹ ਤਾਂ ਅਜੇ ਵੀ ਦੱਖਰਸ ਅਤੇ ਰੋਟੀ ਹੀ ਹੈ। ਕੋਈ ਜਾਜਕ ਨਹੀਂ ਜਿਦਾਂ ਕਿ ਅਸੀਂ...ਉਹ ਸਾਨੂੰ ਦੱਸਦੇ ਹਨ, ਕਿ, "ਪ੍ਰਮੇਸ਼ਵਰ ਵਚਨ ਬੱਧ ਹੈ ਕਿ ਉਹ ਪਾਦਰੀ ਦੀ ਸੁਣੇ ਜਦ ਉਹ ਪ੍ਰਭੂ ਭੋਜ ਨੂੰ ਬਦਲਦਾ ਹੈ," ਜਿਹਨੂੰ ਉਹ ਪ੍ਰਭੂ ਭੋਜ ਆਖਦੇ ਹਨ, "ਉਸ ਪਦਾਰਥ ਨੂੰ, ਪ੍ਰਭੂ ਯਿਸੂ ਦੀ ਸੱਚੀ ਮੁਚੀ ਦੇਹ ਵਿੱਚ ਤਬਦੀਲ ਕਰੇ। ਤਦ ਨਿਹਚਾਵਾਨ ਉਸਨੂੰ ਖਾਂਦਾ ਹੈ, ਅਤੇ ਉਹ ਪ੍ਰਭੂ ਭੋਜ ਹੈ"। ਇਹ ਗਲਤ ਹੈ!

59 *ਸੰਗਤ* ਦਾ ਭਾਵ "ਇੱਕ ਦੂਜੇ ਨਾਲ ਗੱਲਬਾਤ ਕਰਨਾ ਹੈ। ਜਿਸ ਨਾਲ ਤੁਸੀਂ ਸੋਚ ਸਕੋ ਤੇ ਉਹ ਤੁਹਾਡੇ ਨਾਲ ਗੱਲ ਕਰੇ"। ਇਹ ਸੰਗਤ ਕਰਨਾ ਹੈ। ਉਹ ਪਤਾਸੇ ਵਰਗੀ ਰੋਟੀ ਤੁਹਾਡੇ ਨਾਲ ਵਾਪਸ ਬੋਲ ਨਹੀਂ ਸਕਦੀ ਹੈ। ਸੋ, ਸੱਚਮੁੱਚ, ਇੱਕ ਸੱਚੇ ਪ੍ਰਭੂ ਭੋਜ ਦਾ ਮਤਲਬ ਹੈ ਕਿ ਪਵਿੱਤਰ ਆਤਮਾ ਵਾਪਿਸ ਗੱਲ ਕਰੇ। ਜਦ ਤੁਸੀਂ ਉਸ ਨਾਲ ਗੱਲ ਕਰਦੇ ਹੋ ਤਾਂ ਉਹ ਤੁਹਾਡੇ ਨਾਲ ਵਾਪਿਸ ਗੱਲ ਕਰਦਾ ਹੈ, ਜੋ ਕਿ ਸੱਚਾ ਪ੍ਰਭੂ ਭੋਜ ਹੈ। *ਇਹ* ਤਾਂ ਉਹਦੀ ਸਲੀਬੀ, ਤੇ ਉਹਦੇ ਜੀ ਉੱਠਣ ਦੀ ਯਾਦਗਾਰ ਹੈ...ਅਤੇ ਇਹ ਕੋਈ ਭੋਜ ਨਹੀਂ ਹੈ। ਅਸੀਂ ਉਹਨੂੰ ਇਹ ਆਖਦੇ ਹਾਂ, ਪਰ ਅਸਲ ਵਿੱਚ ਇਹ ਹੈ ਨਹੀਂ। ਇਹ ਤਾਂ ਕੈਥੋਲਿਕ ਗਿਰਜੇ ਵੱਲੋਂ ਆਇਆ ਹੈ। ਇਹ ਪਤਾਸੇ ਵਰਗੀ ਰੋਟੀ ਨੂੰ ਲੈਣਾ ਜਿਵੇਂ ਕਿ ਅਸੀਂ ਉਸ ਦਿਨ ਇਹਦੇ ਬਾਰੇ ਵਿੱਚ ਵਿਚਾਰਿਆ ਸੀ ਅਤੇ ਇਹਦੇ ਬਾਰੇ ਵਿੱਚ *ਮਸੀਹਤ ਬਨਾਮ ਮੂਰਤੀਪੂਜਾ* ਸੰਦੇਸ਼ ਵਿੱਚ ਗੱਲਬਾਤ ਕੀਤੀ ਸੀ।

60 ਕਿਵੇਂ ਇਹ ਗੋਲ ਰੋਟੀ ਯਿਸੂ ਦਾ ਸੱਚਮੁੱਚ ਬਦਨ ਹੈ। ਹੁਣ, ਕੈਥੋਲਿਕ ਗਿਰਜਾ ਇਹਦੇ ਵਿੱਚ ਨਿਹਚਾ ਕਰਦਾ ਹੈ। ਕੀ ਤੁਸਾਂ ਕਦੇ ਉਹਨਾਂ ਦੇ ਗਿਰਜੇ ਦੇ ਅੱਗੋਂ ਲੰਘਦੇ ਧਿਆਨ ਦਿੱਤਾ ਹੈ, ਉਹ ਆਪਣੇ ਆਪ ਨੂੰ ਉੱਥੋਂ ਲੰਘਾਉਂਦੇ ਹਨ। ਆਪਣੀਆਂ ਟੋਪੀਆਂ ਨੂੰ ਆਦਰ ਨਾਲ ਕੱਢਦੇ, ਵਗੈਰਾ ਵਗੈਰਾ। ਇਹ ਕਲੀਸੀਆ ਜਾਂ ਗਿਰਜਾ ਨਹੀਂ ਹੈ। ਇਹ ਤਾਂ ਉਹ ਪਤਾਸੇ ਵਰਗੀ ਰੋਟੀ ਹੈ ਜੋ ਉੱਥੇ ਹੈ। ਉਹ ਦੇਹ ਜਿਹਨੂੰ ਪ੍ਰੋਹਿਤ ਨੇ ਪਤਾਸੇ ਵਰਗੀ ਰੋਟੀ ਤੋਂ ਮਸੀਹ ਦੀ

ਸਚਮੁੱਚੀ ਦੇਹ ਵਿੱਚ ਬਦਲਿਆ ਹੈ। ਜਿੱਥੋਂ ਕਿ ਚੂਹੇ ਅਤੇ ਚੂਹਿਆਂ ਉਹਨੂੰ ਚੁੱਕ ਕੇ ਲੈ ਜਾਂ ਸਕਦੀਆਂ ਹਨ।

61 *ਸੰਗਤ* ਦਾ ਮਤਲਬ ਹੈ "ਗੱਲਬਾਤ ਕਰਨੀ ਅਤੇ ਇਹ ਵੀ ਵਾਪਿਸ ਗੱਲਬਾਤ ਕਰਦਾ ਹੈ, ਉਹ ਕੁਝ ਜਿਹਦੇ ਨਾਲ ਤੁਸੀਂ ਗੱਲਬਾਤ ਕਰਦੇ ਹੋ"। *ਭੋਜ* ਦਾ ਮਤਲਬ ਹੀ "ਗੱਲਬਾਤ ਕਰਨੀ" ਜਾਂ "ਅਜਿਹੀ ਚੀਜ ਨਾਲ ਸੰਬੰਧ ਕਰਨਾ ਜੋ ਤੁਹਾਡੇ ਨਾਲ ਵਾਪਿਸ ਗੱਲਬਾਤ ਕਰ ਸਕੇ"। ਅਤੇ ਪਰਮੇਸ਼ਵਰ ਵਾਪਿਸ ਤੁਹਾਡੇ ਨਾਲ ਗੱਲਬਾਤ ਕਰਦਾ ਹੈ, ਪ੍ਰਭੂ ਭੋਜ। ਅਤੇ ਇਹ ਅਜੇ ਵੀ ਰੋਟੀ ਅਤੇ ਦਾਖਰਸ ਹੀ ਹੈ, ਜਿਹਨੂੰ ਅਸੀਂ *ਪ੍ਰਭੂ ਭੋਜ* ਆਖਦੇ ਹਾਂ।

62 ਹੁਣ ਯਿਸੂ ਇੱਥੇ ਆਇਆ ਜਿਵੇਂ ਕਿ ਮੈਂ ਪੜ੍ਹਦਾ ਹਾਂ, "ਮੇਰਾ ਸ਼ਰੀਰ ਮਾਸ ਅਤੇ ਪੀਣ ਦੀ ਵਸਤੂ, ਮੇਰਾ ਲਹੂ ਹੈ। ਸ਼ਰੀਰ ਅਤੇ ਲਹੂ ਮਾਸ ਅਤੇ ਪੀਣ ਦੇ ਵਸਤੂ ਹੈ"।

63 ਹੁਣ ਅਸੀਂ ਹੁਣ ਯਿਸੂ ਦੇ ਬਾਰੇ ਸੋਚਣਾ ਚਾਹੁੰਦੇ ਹਾਂ ਅਤੇ ਉਹਦੇ ਨਾਲ ਸੰਬੰਧ ਜੋੜਨਾ ਚਾਹੁੰਦੇ ਹਾਂ ਕਿ ਉਹ ਕੀ ਸੀ। ਉਹਦਾ ਸ਼ਰੀਰ ਕੀ ਹੈ? ਮਸੀਹ ਦਾ ਸ਼ਰੀਰ ਕੀ ਹੈ? ਇਹ ਤਾਂ ਨਿਹਚਵਾਨਾਂ ਦੀ ਦੇਹ ਹੈ ਜਿਹੜੇ ਉਹਦੇ ਨਾਲ ਪਵਿੱਤਰ ਆਤਮਾ ਵਿੱਚ ਜੁੜੇ ਹੋਏ ਹਨ। ਕੋਈ ਬੁੱਤ ਨਹੀਂ ਜਾਂ ਰੋਟੀ ਦਾ ਟੁਕੜਾ ਨਹੀਂ। ਪਰ ਆਤਮਾ ਜੋ ਨਿਹਚਾਵਾਨ ਦੇ ਦਿਲ ਦੇ ਵਿੱਚ ਹੈ। ਅਤੇ ਉਹ ਇਕੱਠੇ ਜੁੜੇ ਹੋਏ ਹਨ। ਕਿ ਜਦ ਮਨੁੱਖ ਅਤੇ ਪਰਮੇਸ਼ਵਰ ਇੱਕ ਦੂਜੇ ਨਾਲ ਇਕੱਠੇ ਗੱਲਬਾਤ ਕਰ ਸਕਦੇ ਹਨ, ਪਰਮੇਸ਼ਵਰ ਦੇ ਪੁੱਤਰ ਅਤੇ ਪੁਤਰੀਆਂ। ਮਰਨਹਾਰ ਮਨੁੱਖ, ਲਹੂ ਬਹਾਉਣ ਨਾਲ ਪਾਪਾਂ ਦੀ ਮਾਫ਼ੀ ਆਈ। ਅਤੇ ਇਹ ਮਨੁੱਖ ਅਤੇ ਇਹ ਔਰਤ, ਮੁੰਡਾ ਜਾਂ ਕੁੜੀ, ਜਿਹਨਾਂ ਦੀ ਸੰਗਤ ਮਸੀਹ ਨਾਲ ਹੈ। ਉਹਦੇ ਨਾਲ ਗੱਲਬਾਤ ਕਰਦੇ ਹਨ ਜੋ ਕਿ ਦੇਹ ਹੈ।

64 ਪਤੀ ਅਤੇ ਪਤਨੀ ਵਾਂਗ ਬੈਠ ਕੇ ਗੱਲਬਾਤ ਕਰਦੇ ਹਨ। ਜਾਂ ਮੁੰਡਾ ਅਤੇ ਉਹਦੀ ਪ੍ਰੇਮਿਕਾ। ਮਸੀਹ ਅਤੇ ਉਹਦੀ ਕਲੀਸੀਆ ਇਕੱਠੇ ਸੰਗਤ ਕਰ ਰਹੇ ਹਨ। ਇਹੋ ਹੀ ਕਾਰਣ ਹੈ ਕਿ ਅਸੀਂ ਉਹਦੇ ਕੋਲੋਂ ਸੁਣ ਸਕਦੇ ਹਾਂ। ਇਸ ਤੋਂ ਪਹਿਲਾਂ ਕਿ ਉਹ ਚੀਜ ਆਵੇ ਉਹਨੂੰ ਵੇਖ ਲੈਂਦੇ ਹਾਂ। ਅਤੇ ਭਵਿੱਖ ਨੂੰ ਦੱਸ ਸਕਦੇ ਹਾਂ ਕਿ ਇਹ ਸੰਪੂਰਨ ਹੈ। ਕਿਉਂਕਿ ਅਸੀਂ ਪਰਮੇਸ਼ਵਰ ਨਾਲ ਸੰਗਤ ਕਰਦੇ ਹਾਂ। ਜਿਹਦੇ ਹੱਥ ਵਿੱਚ ਸਦੀਪਕ ਕਾਲ ਹੈ। ਮਸੀਹ ਦੀ ਦੇਹ, ਇੱਕ ਦੂਜੇ ਨਾਲ ਗੱਲਬਾਤ ਕਰਦੀ ਹੈ। ਜਲਾਲੀ ਮਸੀਹ ਦੀ ਆਤਮਿਕ ਬਦਨ। ਇਹ ਕਿਸੇ ਵੀ ਤਰ੍ਹਾਂ ਦੇ ਬੁੱਤ ਨਾਲ ਜੁੜਿਆ ਹੋਇਆ ਨਹੀਂ ਹੈ। ਜਾਂ ਰੋਟੀ ਜਾਂ ਦਾਖਰਸ ਦੇ ਨਾਲ। ਪਰ ਆਤਮਿਕ ਰੂਪ ਵਿੱਚ ਜੁੜਿਆ ਹੋਇਆ ਹੈ।

65 ਪ੍ਰਭੂ ਯਿਸੂ ਨੇ ਵੀ ਉਹੋ ਹੀ ਗੱਲ ਆਖੀ। ਤੁਸੀਂ ਸੰਤ ਯੁਹੰਨਾ ਦਾ ਚੌਥਾ ਅਧਿਆਏ ਲਓ, ਜਿੱਥੇ ਉਹ ਖੂਹ ਉੱਤੇ ਔਰਤ ਨਾਲ ਗੱਲ ਕਰਦਾ ਹੈ, ਉਹ ਔਰਤ ਕੁਝ ਅਜਿਹੀ ਗੱਲ ਤੇ ਬੋਲ ਰਹੀ ਸੀ ਜਿਵੇਂ, "ਸਾਡੇ ਪਿਤਰਾਂ ਨੇ ਇਸ ਖੂਹ ਤੋਂ ਪੀਤਾ, ਅਤੇ ਯਾਕੂਬ ਨੇ ਇਹ ਖੂਹ ਪੁੱਟਿਆ, ਤੇ ਆਪਣੇ ਬੱਚਿਆਂ ਤੇ ਪਸ਼ੂਆਂ ਨੂੰ ਇਹ ਪਾਣੀ ਪਿਆਇਆ, ਅਤੇ ਤੂੰ ਆਖਦਾ ਹੈਂ, 'ਇੱਕ ਖਾਸ ਸ਼ਹਿਰ ਵਿੱਚ ਵਿੱਚ ਭਗਤੀ ਕਰ,' ਅਤੇ ਦੂਜੇ ਆਖਦੇ ਹਨ ਕਿ 'ਇਸ ਪਹਾੜ ਉੱਤੇ'"।

66 ਯਿਸੂ ਨੇ ਜਿਨ੍ਹਾਂ ਵੀ ਆਖਿਆ, "ਇੱਕ ਪਲ ਠਹਿਰੋ! ਅਸੀਂ ਯਹੂਦੀ ਹਾਂ, ਤੇ ਅਸੀਂ ਸਮਝਦੇ ਹਾਂ ਕਿ ਭਗਤੀ ਦਾ ਕੀ ਮਤਲਬ ਹੈ। ਪਰ ਔਰਤ ਇਹ ਗੱਲ ਸੁਣ। ਉਹ ਘੜੀ ਆਉਂਦੀ ਹੈ, ਤੇ ਹੁਣ ਵੀ ਹੈ, ਕਿ ਸੱਚੇ ਭਗਤ ਪਰਮੇਸ਼ਵਰ ਦੀ ਭਗਤੀ ਆਤਮਾ ਅਤੇ ਸੱਚਾਈ ਨਾਲ ਕਰਨਗੇ। 'ਤੇਰਾ ਵਚਨ ਸੱਚਾਈ ਹੈ।' ਅਤੇ ਪਿਤਾ ਅਜਿਹੇ ਲੋਕਾਂ ਨੂੰ ਭਾਲਦਾ ਹੈ ਜੋ ਕਿ ਉਹਦੀ ਭਗਤਿ ਆਤਮਾ ਅਤੇ ਸੱਚਾਈ ਨਾਲ ਕਰਨਗੇ ਜੋ ਕਿ ਸੱਚ ਹੈ। 'ਤੇਰਾ ਵਚਨ ਸੱਚ ਹੈ'"। ਉਹਨੇ ਇਹ ਗੱਲ ਉਸ ਔਰਤ ਨੂੰ ਆਖੀ।

67 ਵੇਖੋ, ਮਸੀਹ…ਪਰਮੇਸ਼ਵਰ ਇੱਕ ਆਤਮਾ ਹੈ। *ਮਸੀਹ* ਦਾ ਮਤਲਬ ਹੈ "ਮਸਹ ਕੀਤਾ ਹੋਇਆ ਉਹ ਮਨੁੱਖ ਜੋ ਪਰਮੇਸ਼ਵਰ ਦੇ ਨਾਲ ਮਸਹ ਕੀਤਾ ਹੋਇਆ ਹੋਵੇ"। ਜਿਹਣੇ ਕਿ ਉਸਨੂੰ ਮਸੀਹ ਬਣਾਇਆ। ਹੁਣ, ਮਸੀਹ ਨੇ ਆਖਿਆ ਕਿ "ਮੈਂ ਖਾਣ ਅਤੇ ਪੀਣ ਦੀ ਵਸਤੂ ਹਾਂ"। ਗੋਲ ਰੋਟੀ ਨਹੀਂ, ਉਹ ਪਤਾਸੇ ਵਰਗੀ ਰੋਟੀ ਨਹੀਂ ਜਿਹੜੀ ਅਸੀਂ ਵੇਖ ਲੈਂਦੇ ਹਾਂ। ਇਹ ਮਸੀਹ ਨਹੀਂ ਹੈ। ਜਿਹੜਾ ਦਾਖਰਸ ਅਸੀਂ ਵੇਦੀ ਤੇ ਪੀਂਦੇ ਹਾਂ, ਉਹ ਮਸੀਹ ਨਹੀਂ ਹੈ। ਇਹ ਤਾਂ ਉਹਨੂੰ ਸ਼ਕਲ ਦੇ ਤੌਰ ਤੇ ਦਰਸਾਉਂਦਾ ਹੈ। ਪਰ ਮਸੀਹ ਤਾਂ ਪਵਿੱਤਰ ਆਤਮਾ ਹੈ। ਉਹ ਮਸਹ ਜੋ ਕਿ ਕਲੀਸੀਆ ਦੇ ਉੱਤੇ ਹੈ। ਉਹ ਮਾਸ ਅਤੇ ਲਹੂ ਹੈ।

68 ਸੰਸਾਰ ਵਿੱਚ ਜੇ ਸਭ ਤੋਂ ਵੱਡੀ ਦੁਹਾਈ ਹੈ। ਮੈਂ ਆਸ ਕਰਦਾ ਹਾਂ ਕਿ ਤੁਹਾਡੇ ਵਿੱਚੋਂ ਕਿਸੇ ਨੇ ਇਹਨੂੰ ਨਹੀਂ ਸੁਣਿਆ। ਪਰ ਜੇ ਕਦੇ ਤੁਸੀਂ ਸੁਣਿਆ ਵੀ ਹੈ ਤਾਂ ਭੁੱਖ ਦੀ ਦੁਹਾਈ ਨਾਲ ਦੀ ਕੋਈ ਦੁਹਾਈ ਨਹੀਂ। ਜਦ ਤੁਸੀਂ ਮਾਂ ਨੂੰ ਬੱਚੇ ਨਾਲ ਵੇਖੋ ਤੇ ਉਹ ਤੁਰ ਨਹੀਂ ਸਕਦੀ ਕਿਉਂਕਿ ਉਹ ਬਹੁਤ ਕਮਜੋਰ ਹੈ। ਅਤੇ ਛੋਟਾ ਬੱਚਾ ਮਰ ਰਿਹਾ ਹੈ ਤੇ ਉਹਦਾ ਪੇਟ ਭੁੱਖ ਨਾਲ ਸੁਜ ਗਿਆ ਹੈ। ਉਹਨਾਂ ਹਉਕਿਆਂ ਨੂੰ ਸੁਨਣਾ ਜੋ ਕਿ ਮਾਂ ਦੇ ਦਿਲ ਵਿੱਚੋਂ ਆ ਰਹੇ ਹਨ। ਵੇਖੋ ਉਸ ਬੱਚੇ ਦੀਆਂ ਗਲਾਂ ਅੰਦਰ ਵੜ ਗਈਆਂ ਹਨ ਤੇ ਹੁਣ ਸਿਰਫ਼ ਹੱਡੀਆਂ ਅਤੇ ਚਮੜੀ ਹੀ ਰਹਿ ਗਈ ਹੈ। ਤੇ ਉਸਦੇ ਛੋਟੇ ਮਸੂੜੇ ਵੀ ਚਮਕ ਰਹੇ ਹਨ। ਤੇ ਹੁਣ ਉਹ ਰੋ ਵੀ ਨਹੀਂ ਸਕਦਾ। ਤੇ ਉਹਦੀਆਂ ਅੱਖਾਂ ਭੁੱਖ ਦੇ ਨਾਲ ਬਾਹਰ ਆ ਗਈਆਂ ਹਨ। ਭੁੱਖ ਅਤੇ ਤੇਹ ਨਾਲ ਦੀ ਕੋਈ ਦੁਹਾਈ ਨਹੀਂ ਹੈ।

69 ਮਾਰੂਥਲ ਵਿੱਚ ਕਿੰਨਿਆਂ ਨੇ ਆਪਣਾ ਜੀਵਨ ਤੇਹ ਨਾਲ ਗੁਆ ਦਿੱਤਾ। ਕਈ ਕਹਾਣੀਆਂ ਹਨ, ਮੈਂ ਤੁਹਾਨੂੰ ਮਾਰੂਥਲ ਦੀਆਂ ਸੱਚੀਆਂ ਕਹਾਣੀਆਂ ਸੁਣਾ ਕੇ ਸਾਰੀ ਰਾਤ ਬਿਠਾ ਸਕਦਾ ਹਾਂ। ਕਿਵੇਂ ਜਦ ਤੁਸੀਂ ਤਿਹਾਏ ਹੁੰਦੇ ਹੋ...ਤ੍ਰੇਹ ਲੱਗਦੀ ਹੈ, ਤੇ ਕਿਵੇਂ ਸ਼ੈਤਾਨ ਤੁਹਾਨੂੰ ਤਰਲੇ ਦਿੰਦਾ ਹੈ। ਤੁਸੀਂ ਉਹਨਾਂ ਨੂੰ ਇੱਥੇ ਹੀ ਵੇਖਿਆ ਹੈ। ਉਹਨਾਂ ਨੂੰ ਵੇਖਣ ਲਈ ਤੁਹਾਨੂੰ ਪੱਛਮ ਵੱਲ ਜਾਣ ਦੀ ਲੋੜ ਨਹੀਂ ਹੈ। ਤੁਸੀਂ ਰਾਹ ਵਿੱਚ ਚਲੋ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਰਾਹ ਵਿੱਚ ਕੀਤੇ ਪਾਣੀ ਹੈ। ਤੁਹਾਡੇ ਵਿੱਚੋਂ ਹਰੇਕ ਨੇ ਇਹ ਵੇਖਿਆ ਹੈ। ਕਿੰਨਾਂ ਪੈਂਡਾ ਕੀਤਾ ਤੇ ਰਾਜ ਮਾਰਗ ਤੇ ਗਏ ਹਨ। ਉਹ ਝੂਠਾ ਪਾਣੀ ਦਾ ਤਰਲਾ ਹੈ। ਇੱਥੇ ਕੁਝ ਸਮਾਂ ਪਹਿਲਾਂ ਜਾਂ ਤਿਨ ਚਾਰ ਸਾਲ ਪਹਿਲਾਂ। ਮੈਂ ਪੜ੍ਹਿਆ ਕਿ ਜਿੱਥੇ ਕੁਝ ਬਤੱਖਾਂ ਜੋ ਦੇਸ਼ ਤੋਂ ਪਾਰ ਉੱਡ ਰਹੀਆਂ ਹਨ, ਉਹਨਾਂ ਨੇ ਇਹ ਝੂਠਾ ਤਲਾ ਵੇਖਿਆ ਤੇ ਰਾਹ ਵਿੱਚ ਡਿੱਗ ਪਈਆਂ, ਇਹ ਸੋਚਦੇ ਹੋਏ ਕਿ ਉਹ ਪਾਣੀ ਦੇ ਕੋਲ ਪਹੁੰਚ ਗਈਆਂ ਸਨ। ਅਤੇ ਉਹਨਾਂ ਦੇ ਟੋਟੇ ਟੋਟੇ ਹੋ ਗਏ। ਉਹਨਾਂ ਪੱਕੀ ਸੜਕ ਤੇ ਟੱਕਰ ਮਾਰੀ, ਇਹ ਸੋਚਦੇ ਹੋਏ ਕਿ ਉਹ ਪਾਣੀ ਤੇ ਉੱਤਰ ਰਹੀਆਂ ਹਨ, ਜੋ ਕਿ ਝੂਠਾ ਤਲਾਅ ਸੀ।

70 ਕਿੰਨੀ ਵਾਰ ਸ਼ੈਤਾਨ ਨੇ ਲੋਕਾਂ ਨਾਲ ਵੀ ਅਜਿਹੀ ਹੀ ਗੱਲ ਕੀਤੀ ਹੈ। ਉਹਨਾਂ ਨੂੰ ਝੂਠਾ ਹੀ ਮੀਰਾਜ ਦਿੱਤਾ ਹੈ ਜਿੱਥੇ ਕਿ ਕੁਝ ਵੀ ਨਹੀਂ ਹੈ ਪਰ ਬਨਾਉਟੀ ਵਿਸ਼ਵਾਸ ਹੈ। ਬਹੁਤ ਸਾਰੇ ਲੋਕ ਅੱਜ ਕਲ ਬਨਾਉਟੀ ਵਿਸ਼ਵਾਸ ਵਾਲਾ ਧਰਮ ਰੱਖਦੇ ਹਨ। ਕੁਝ ਬਣਾਉਣ ਦਾ ਯਤਨ ਕਰਦੇ ਹਨ ਕਿ ਉੱਥੇ ਕੁਝ ਹੈ ਜਦ ਕਿ ਇਸ ਤਰ੍ਹਾਂ ਨਹੀਂ ਹੈ। ਜਿਵੇਂ ਕਿ ਇੱਕ ਮਿਸ਼ਨਰੀ ਇਸਤ੍ਰੀ ਨੇ ਆਖਿਆ ਕਿ ਉਹਨੇ ਉਡੀਕਿਆ ਜਦ ਕਿ ਇਹ ਅਸਲੀ ਅਤੇ ਪੱਕਾ ਨਾ ਹੋ ਗਿਆ। ਸਾਨੂੰ ਵੀ ਇਸ ਤਰ੍ਹਾਂ ਹੀ ਕਰਨਾ ਚਾਹੀਦਾ ਹੈ। ਤੇ ਤੁਸੀਂ ਵਾਪਸ ਆਣ ਕੇ ਫਿਰ ਇਹਦਾ ਯਤਨ ਨਹੀਂ ਕਰ ਸਕਦੇ। ਤੁਹਾਨੂੰ ਇੱਕ ਮੌਕਾ ਮਿਲਿਆ ਹੈ ਤੇ ਤੁਹਾਡੇ ਕੋਲ ਨਕਸ਼ਾ ਹੈ। ਸੋ ਸਾਨੂੰ ਨਿਸ਼ਾਨੇ ਦੀ ਸਿੱਧ ਤੇ ਜਾਣਾ ਚਾਹੀਦਾ ਹੈ।

71 ਭੁੱਖ ਦੀ ਦੁਹਾਈ, ਸੁਣੋ, ਇਹ ਬਹੁਤ ਹੀ ਵੱਡੀ ਦੁਹਾਈ ਹੈ ਕਿਉਂਕਿ ਇਹ ਮੁਸੀਬਤ ਨਾਲ ਭਰੀ ਹੋਈ ਦੁਹਾਈ ਹੈ। ਉਹ ਵਿਅਕਤੀ ਮਰ ਰਿਹਾ ਹੈ। ਅਤੇ, ਓਹ, ਜੇ ਅਸੀਂ ਉਸ ਥਾਂ ਤੇ ਪਹੁੰਚ ਜਾਈਏ। ਜੇ ਉਹ ਕੌਮ ਉਸ ਥਾਂ ਤੇ ਪਹੁੰਚ ਜਾਏ ਜਿੱਥੇ ਉਹ ਪਰਮੇਸ਼ਵਰ ਲਈ ਬਹੁਤ ਭੁੱਖੇ ਰੱਖਦੇ ਹੋਣ। ਪਰ ਇਹ ਤਾਂ ਬਹੁਤ ਭੈੜੀ ਭੁੱਖ ਮਰੀ ਦੀ ਹਾਲਤ ਉੱਚ ਹੈ, ਜਿਵੇਂ ਕਿ ਹਿੰਦੁਸਤਾਨ ਵਰਗੀ ਕੌਮ ਭੋਤਿਕ ਢੰਗ ਨਾਲ ਭੁੱਖਿਆਂ ਮਰ ਰਹੀ ਹੈ ਇਹ ਉਹਦੇ ਨਾਲੋਂ ਵੀ ਜਿਆਦਾ ਹੈ। ਇਹ ਕੌਮ ਆਤਮਿਕ ਢੰਗ ਨਾਲ ਭੁੱਖ ਮਰੀ ਵਿੱਚ ਹੈ। ਪਰ ਜਦ ਤੁਸੀਂ ਬਹੁਤੇ ਚਿਰ ਤਕ ਭੁੱਖੇ ਰਹਿੰਦੇ ਹੋ ਤਾਂ ਫਿਰ ਇਹ ਤੁਹਾਨੂੰ ਉੱਥੇ ਲੈ ਜਾਂਦੀ ਹੈ ਜਿੱਥੇ ਤੁਸੀਂ ਨਹੀਂ ਜਾਣਦੇ ਕਿ ਤੁਸੀਂ ਭੁੱਖੇ ਹੋ।

72 ਉਸ ਤਰ੍ਹਾਂ ਹੀ ਜਿਵੇਂ ਕਿ ਜੰਮ ਜਾਣਾ ਹੈ। ਜਦ ਤੁਸੀਂ ਬਰਫ਼ ਵਿੱਚ ਬਹੁਤ ਦੇਰ ਤਕ ਚੱਲਦੇ ਰਹਿੰਦੇ ਹੋ ਤੇ ਜੰਮਦੇ ਰਹਿੰਦੇ ਹੋ। ਤੁਸੀਂ ਬਹੁਤ ਠੰਡੇ ਹੋ ਜਾਂਦੇ ਹੋ, ਤੇ ਕੁਝ ਦੇਰ ਬਾਅਦ ਗਰਮ ਹੋ ਜਾਣਦੇ ਹੋ, ਉਦੋਂ ਤੁਸੀਂ ਮਰਦੇ ਹੋ। ਤੇ ਅੱਜ ਰਾਤ ਵੀ ਇਹੋ ਹੀ ਗੱਲ ਹੈ। ਕਲਿਸੀਆਂਵਾਂ ਇੰਨੀਆਂ ਠੰਡੀਆਂ ਹੋ ਚੁੱਕੀਆਂ ਹਨ ਕਿ ਉਹ ਜੰਮ ਰਹੀਆਂ ਹਨ। ਤੇ ਸੋਚਦੇ ਹਨ ਕਿ ਉਹ ਮੈਂਬਰਸ਼ਿਪ ਦੇ ਦੁਆਰਾ ਗਰਮ ਹਨ, ਤੇ ਆਤਮਿਕ ਢੰਗ ਨਾਲ ਮਰ ਰਹੇ ਹਨ। ਮਰ ਰਹੀਆਂ ਹਨ ਅਤੇ ਨਹੀਂ ਜਾਣਦੀਆਂ। ਅੰਤ ਵਿੱਚ ਮਨੁੱਖ ਸੌਣ ਲਈ ਲੰਮਾ ਪੈ ਜਾਂਦਾ ਹੈ ਤੇ ਫਿਰ ਸਭ ਮੁੱਕ ਜਾਂਦਾ ਹੈ। ਤੇ ਫਿਰ ਉਹ ਕਦੇ ਵੀ ਨਹੀਂ ਜਾਗਦਾ। ਕਿਉਂਕਿ ਉਸਦਾ ਖੂਨ ਉਸ ਦੀਆਂ ਨਸਾਂ ਵਿੱਚ ਜੰਮ ਗਿਆ ਹੈ।

73 ਹੁਣ, ਤੇਹ ਲੱਗਣੀ। ਯਿਸੂ ਨੇ ਕਿਹਾ, “ਮੇਰਾ ਲਹੂ ਅਸਲ ਵਿੱਚ ਪੀਣ ਦੀ ਵਸਤੂ ਹੈ”। ਜੇ ਤੁਸੀਂ ਜਿਉਣ ਦੇ ਲਈ ਭੁੱਖੇ ਹੋ; ਜਿਉਣ ਦੇ ਲਈ ਭੁੱਖੇ ਹੋ। ਯਿਸੂ ਦੇ ਕੋਲ ਹੀ ਪਾਣੀ ਹੈ ਜਿਹੜਾ ਉਸ ਪਿਆਸ ਨੂੰ ਬੁਝਾ ਸਕਦਾ ਹੈ। “ਹੇ ਭਾਰ ਅਤੇ ਬੋਝ ਦੇ ਥਕੇ ਹੋਏ ਲੋਕੋ ਮੇਰੇ ਕੋਲ ਆਓ”। ਪ੍ਰਕਾਸ਼ ਦੀ ਪੋਥੀ ਵਿੱਚ, ਇਹਨੇ ਆਖਿਆ ਹੈ, “ਭਈ ਜਿਹੜਾ ਤਿਹਾਇਆ ਹੋਵੇ ਉਹ ਜਿਉਣ ਜਲ ਦੇ ਚਸ਼ਮੇ ਕੋਲ ਆਵੇ, ਤੇ ਮੁਫ਼ਤ ਪੀਵੇ”। ਜੇ ਤੁਸੀਂ ਜਿਉਣ ਦੇ ਲਈ ਤਿਆਰ ਹੋ!

74 ਅਸੀਂ ਵੇਖਦੇ ਹਾਂ ਕਿ ਖਗੋਲ ਵਿਗਿਆਨੀ ਅਗੰਮ ਵਾਚ ਰਹੇ ਹਨ। ਕਦੇ ਇਸ ਪਹਿਲੇ ਹਿੱਸੇ ਜਾਂ ਮਹੀਨੇ ਦੇ ਦੂਜੇ ਜਾਂ ਪੰਜਵੇ ਭਾਗ ਵਿੱਚ। ਦੂਜੀ ਜਾਣ ਪੰਜਵੀਂ ਤੋਂ ਸ਼ੁਰੂ ਕਰਕੇ ਜਾਂ ਇਸ ਮਹੀਨੇ ਵਿੱਚ। ਹਿੰਦੁਸਤਾਨ ਦੇ ਖਗੋਲ ਵਿਗਿਆਨੀ ਅਗੰਮ ਵਾਚਦੇ ਹਨ ਕਿ ਸੰਸਾਰ ਦੇ ਟੁਕੜੇ ਟੁਕੜੇ ਹੋ ਜਾਣਗੇ। ਅਤੇ ਅਮਰੀਕਾ ਦੇ ਸਮਾਚਾਰ ਪੱਤਰ ਇਸਦਾ ਮਜਾਕ ਬਣਾਉਂਦੇ ਹਨ। ਮੈਂ ਨਹੀਂ ਸੋਚਦਾ ਕਿ ਸੰਸਾਰ ਦੇ ਟੁਕੜੇ ਟੁਕੜੇ ਹੋ ਜਾਣਗੇ। ਪਰ ਮੈਂ ਇਹ ਆਖਦਾ ਹਾਂ ਇਸਦਾ ਹਾਸਾ ਬਣਾਉਣਾ ਗਲਤ ਗੱਲ ਹੈ। ਕਿਉਂਕਿ ਇਹਨਾਂ ਦਿਨਾਂ ਵਿੱਚ ਕੁਝ ਜਰੂਰ ਹੋਣ ਵਾਲਾ ਹੈ। ਇਹਦੇ ਵਰਗਾ ਹੀ ਕੁਝ। ਜਦ ਪੰਜ ਨਛੱਤਰ ਮਾਰਸ, ਜੁਪੀਟਰ, ਵੀਨਸ ਅਤੇ ਵਗੈਰਾ ਵਗੈਰਾ ਜਦ ਉਹ ਆਪਣੇ ਸਥਾਨਾਂ ਵਿੱਚ ਆਉਂਦੇ ਹਨ। ਉਹਨਾਂ ਇਹ ਕਦੇ ਵੀ ਨਹੀਂ ਕੀਤਾ। ਔਹ, ਉਹ ਦਾਵਾ ਕਰਦੇ ਹਨ ਇਹ ਪੰਜੀ ਸੌ ਸਾਲ ਪਹਿਲਾਂ, ਪਰ ਇਹ ਜਾਣਨ ਲਈ ਕੌਣ ਉਸ ਪ੍ਰਾਚੀਨ ਸਮੇਂ ਵਿੱਚ ਸੀ।

75 ਮੈਂ ਵੀ ਇਹ ਅਗੰਮ ਵਾਚਦਾ ਹਾਂ ਕਿ ਇਹਦਾ ਇੱਕ ਆਤਮਿਕ ਮਤਲਬ ਹੈ। ਮੈਂ ਨਿਹਚਾ ਕਰਦਾ ਹਾਂ ਕਿ ਇਹ ਪਰਮੇਸ਼ਵਰ ਦੇ ਮਾਮਲੇ ਦਾ ਅੰਦਰ ਆਉਣਾ ਹੈ। ਕਿ ਵਚਨ ਦੇ ਮਹਾਨ ਪ੍ਰਕਾਸ਼ ਇਸ ਸਮੇਂ ਵਿੱਚ ਖੋਲ੍ਹੇ ਜਾਣਗੇ। ਯਾਦ ਰਹੇ, ਉਹ ਦਾਅਵਾ ਕਰਦੇ ਹਨ ਕਿ ਯਿਸੂ ਦਾ ਜਦੋਂ ਜਨਮ ਹੋਇਆ ਸੀ ਤਾਂ ਤਿੰਨ

ਤਾਰੇ ਉਪਗਰਿਹ ਵਿੱਚ ਆਏ। ਅਤੇ ਇਹ ਪੰਜ ਹੈ, ਤੇ ਪੰਜ ਕਿਰਪਾ ਦਾ ਨੰਬਰ ਹੈ, ਕਿਰਪਾ ਦੀ ਸੰਖਿਆ। ਤਿੰਨ ਸਿੱਧਤਾ ਦਾ ਨੰਬਰ ਹੈ। ਪੰਜ ਕਿਰਪਾ ਦਾ ਨੰਬਰ ਹੈ। ਯਿਸੂ, ਕਿਰਪਾ, ਵਿਸ਼ਵਾਸ ਵਗੈਰਾ ਵਗੈਰਾ। ਕਿਰਪਾ ਦਾ ਨੰਬਰ! ਪਰਮੇਸ਼ਵਰ ਨੇ ਜਦੋਂ ਵੀ ਆਪਣੀ ਸ਼ਕਤੀ ਨੂੰ ਕਲੀਸੀਆ ਵਿੱਚ ਘੱਲਿਆ, ਇਹ ਉਹਦੀ ਕਿਰਪਾ ਹੋਵੇਗੀ, ਇਹ ਲੋਕਾਂ ਦੀ ਆਗਿਆਕਾਰੀ ਨਹੀਂ ਹੋਵੇਗੀ। ਅਤੇ ਯਸਾਯਾਹ ਦੇ 40 ਅਧਿਆਏ ਵਿੱਚ ਆਖਿਆ ਹੈ ਕਿ “ਕਿਵੇਂ ਯਰੂਸ਼ਲਮ ਦੇ ਲਈ ਪੁਕਾਰਨਾ ਹੈ ਕਿ ਉਹਦਾ ਯੁੱਧ ਪੂਰਾ ਹੋਇਆ”। ਤਦ ਵੀ ਉਹ ਮੂਰਤੀਪੂਜਾ ਦੀ ਦੋਸ਼ਣ ਸੀ। ਪਰ ਇਹ ਤਾਂ ਪਰਮੇਸ਼ਵਰ ਦੀ ਕਿਰਪਾ ਸੀ ਜੋ ਕਿ ਭੇਜ ਰਹੀ ਸੀ। ਪਰਮੇਸ਼ਵਰ ਜੋ ਵੀ ਸਾਨੂੰ ਭੇਜਦਾ ਹੈ; ਇਹ ਤਾਂ ਉਹਦੀ ਕਿਰਪਾ ਹੈ ਸਾਡੀਆਂ ਖੂਬੀਆਂ ਨਹੀਂ। ਸੋ, ਇਹਦਾ ਕੁਝ ਅਰਥ ਹੋ ਸਕਦਾ ਹੈ। ਮੈਂ ਅਗੰਮ ਵਾਚਦਾ ਹਾਂ ਕਿ ਇੱਕ ਤਬਦੀਲੀ ਤਾਂ ਹੋਵੇਗੀ। ਪਰ ਮੈਂ ਨਿਹਚਾ ਕਰਦਾ ਹਾਂ ਕਿ ਇਹ ਹੋਣ ਵਾਲੀ ਹੈ। ਅਸੀਂ ਠੀਕ...ਇਹਦੇ ਕਿਨਾਰੇ ਤੇ ਹਾਂ।

76 ਅਤੇ ਜੇ ਕੋਈ ਮਨੁੱਖ ਭੁੱਖਾ ਹੈ ਤਾਂ ਉਹਨੂੰ ਮਸੀਹ ਦੇ ਕੋਲ ਆਉਣ ਦਿਓ। ਜੇ ਕੋਈ ਪਿਆਸਾ ਹੈ ਤਾਂ ਉਹ ਮਸੀਹ ਦੇ ਕੋਲ ਆਵੇ। ਉਹ ਪਿਆਸ ਬੁਝਾਉਂਦਾ ਹੈ। ਉਹ ਸਾਡੀ ਸਾਰੀ ਭੁੱਖ ਪਿਆਸ ਤ੍ਰਿਪਤ ਕਰਨ ਵਾਲਾ ਹੈ।

77 ਮੇਰੇ ਕੋਲ ਇੱਕ ਕਹਾਣੀ ਹੈ ਜੋ ਕਿ ਮੈਂ ਕੁਝ ਸਮਾਂ ਪਹਿਲਾਂ ਦੱਸੀ ਸੀ। ਸ਼ਾਇਦ ਮੈਂ ਉਸਨੂੰ ਇਸ ਕਲੀਸੀਆ ਵਿੱਚ ਦੱਸਿਆ ਹੈ। ਜੇ ਮੈਂ ਪਹਿਲਾਂ ਦੱਸਿਆ ਹੈ ਤਾਂ ਮੈਨੂੰ ਇਸਨੂੰ ਠੀਕ ਜਗ੍ਹਾ ਤੇ ਲੈ ਕੇ ਆਉਣ ਲਈ ਦੁਹਰਾਉਣ ਲਈ ਮਾਫ ਕਰਨਾ। ਇੱਕ ਇੰਡੀਅਨ ਮਾਰਗ ਦਰਸ਼ਕ ਸੀ ਜਾਂ ਇੰਡੀਅਨ ਲੋਕਾਂ ਦਾ ਇੱਕ ਕਿਸਮ ਦਾ ਨਿਗਹਬਾਨ ਸੀ ਉਹ ਨਵਾਜੋ ਦੇਸ਼ ਵਿੱਚ ਸਫ਼ਰ ਕਰ ਰਿਹਾ ਸੀ ਤੇ ਉੱਥੇ ਉਹ ਗਵਾਚ ਗਿਆ। ਉਹਦਾ ਨਾਮ ਕਾਏ ਸੀ। ਅਤੇ ਉਹ ਇੱਕ ਰਾਹ ਵਿੱਚ ਜਾਂ ਰਿਹਾ ਸੀ, ਖੇਡਾਂ ਦਾ ਰਾਹ। ਅਤੇ ਉਹਨੇ ਸੋਚਿਆ, “ਜੇ ਮੈਂ ਇਸ ਰਾਹ ਤੇ ਪਹੁੰਚ ਜਾਵਾਂ ਤਾਂ ਜਰੂਰ ਹੀ ਮੈਨੂੰ ਪਾਣੀ ਲੱਭੇਗਾ”। ਅਤੇ ਉਹਦਾ ਘੋੜਾ ਇੰਨਾ ਤਿਹਾਇਆ ਸੀ ਕਿ ਉਹਦੀ ਜੀਭ ਸੁੱਕ ਕੇ ਬਾਹਰ ਲਮਕ ਰਹੀ ਸੀ। ਨੱਕ ਲਾਲ ਹੋ ਗਿਆ ਸੀ ਤੇ ਰੇਤ ਨਾਲ ਭਰ ਗਿਆ ਸੀ। ਉਹਨੇ ਹੱਥ ਨਾਲ ਆਪਣੇ ਮੂੰਹ ਤੇ ਰੁਮਾਲ ਪਾਇਆ ਹੋਇਆ ਸੀ ਅਤੇ ਉਸ ਰੇਤਲੇ ਤੂਫਾਨ ਵਿੱਚ ਉਹਦਾ ਮੂੰਹ ਰੇਤ ਨਾਲ ਭਰ ਗਿਆ। ਤੇ ਉਹ ਪਾਣੀ ਦੇ ਬਿਨਾਂ ਨਾਸ਼ ਹੋ ਰਿਹਾ ਸੀ। ਉਹ ਆਪਣੇ ਘੋੜੇ ਦੀ ਅਗੁਵਾਈ ਕਰ ਰਿਹਾ ਸੀ ਜਦੋਂ ਉਹਨੂੰ ਇਹ ਰਾਹ ਟਕਰਾਇਆ। ਅਤੇ ਉਹਨੇ ਕਿਹਾ, ਜਦ ਉਹ ਘੋੜੇ ਤੇ ਚੜ੍ਹਿਆ ਉਹਨੇ ਇਹ ਖੇਡਾਂ ਵਾਲਾ ਰਾਹ ਵੇਖਿਆ ਤੇ ਆਖਿਆ, “ਯਕੀਨਨ ਇਹ ਮੈਨੂੰ ਪਾਣੀ ਤਕ ਲੈ ਜਾਵੇਗਾ”। ਸੋ ਉਹ ਉੱਛਲ ਕੇ ਆਪਣੇ ਘੋੜੇ ਦੀ ਕਾਠੀ ਤੇ ਚੜ੍ਹਿਆ ਤੇ ਉਸ ਰਾਹ ਤੁਰ ਪਿਆ।

78 ਅਤੇ ਘੋੜਾ ਵੀ ਜਾਣਦਾ ਸੀ ਕਿ ਉਹ ਪਾਣੀ ਦੇ ਰਾਹ ਤੇ ਜਾ ਰਿਹਾ ਹੈ। ਕਿਵੇਂ ਪਰਮੇਸ਼ਵਰ ਗੂੰਗੇ ਜਾਨਵਰਾਂ ਨੂੰ ਵੀ ਪ੍ਰੇਰਣਾ ਦਿੰਦਾ ਹੈ! ਤੇ ਇਹ ਰਾਹ ਵਿੱਚ ਚਲਿਆ ਗਿਆ। ਅੰਤ ਵਿੱਚ ਕੁਝ ਲੋਕ ਇੱਕ ਪਾਸੇ ਨੂੰ ਮੁੜ ਗਏ, ਥੋੜੇ ਜਿਹੇ ਹੀ ਉਸ ਹਾਰੇ ਹੋਏ ਰਾਹ ਤੋਂ ਦੂਰ ਗਏ। ਘੋੜਾ ਵੀ ਉਸ ਰਾਹ ਨੂੰ ਜਾਣਾ ਚਾਹੁੰਦਾ ਸੀ, ਪਰ ਕਾਏ ਨੇ ਵੱਖਰਾ ਹੀ ਸੋਚਿਆ। ਉਹਨੇ ਉਹਨੂੰ ਉਸ ਭਖਦੇ ਹੋਏ ਰਾਹ ਵਿੱਚ ਹੀ ਰੱਖਣ ਦੀ ਕੋਸ਼ਿਸ਼ ਕੀਤੀ। ਪਰ ਉਹਨੇ ਆਰੰਭ ਕੀਤਾ ਪਰ ਘੋੜਾ ਆਕੜ ਗਿਆ। ਉਹਨੇ ਘੋੜੇ ਨੂੰ ਉਭਾਰਿਆ। ਅਤੇ ਘੋੜਾ ਦੁਲਤਾ ਮਾਰ ਕੇ ਵੱਖਰੇ ਪਾਸੇ ਨੂੰ ਤੁਰ ਪਿਆ। ਤੇ ਉਹਨੇ ਪਿਛਾਂਹ ਜਾਣਾ ਆਤੰਬਹ ਕੀਤਾ। ਅਤੇ ਘੋੜਾ ਕਾਏ ਨੂੰ ਥੱਲੇ ਲਾਹੁਣ ਲਈ ਕਮਜੋਰ ਸੀ। ਉਹ ਛਾਲ ਨਹੀਂ ਸੀ ਮਾਰ ਸਕਦਾ।

79 ਸੋ ਉਹਨੇ ਫਿਰ ਮਾਰਨਾ ਸ਼ੁਰੂ ਕੀਤਾ ਅਤੇ ਘੋੜੇ ਨੂੰ ਟੱਕ ਲਾ ਦਿੱਤੇ। ਉਹ ਪਾਣੀ ਦੇ ਕੋਲ ਜਾਣ ਲਈ ਇੰਨਾ ਉਤਸਾਹਿਤ ਸੀ ਤਾਂ ਕਿ ਉਹਦੀ ਜਿੰਦਗੀ ਬਚ ਸਕੇ। ਘੋੜਾ ਖਲੋ ਕੇ ਕੰਬ ਰਿਹਾ ਸੀ ਤੇ ਲਹੂ ਵਗਦਾ ਪਿਆ ਸੀ। ਅਤੇ ਉਹਨੇ ਹੇਠਾਂ ਵੇਖਿਆ ਅਤੇ ਉਹਨੇ ਹੇਠਾਂ ਵੇਖਿਆ ਅਤੇ ਉਹ ਘੋੜਾ ਇਸ ਤਰ੍ਹਾਂ ਕੰਬ ਰਿਹਾ ਸੀ ਅਤੇ ਉਹ ਥੱਲੇ ਬਸ ਡਿੱਗਣ ਹੀ ਵਾਲਾ ਸੀ। ਉਹਨੇ ਉਹਦੀ ਵੱਲ ਵੇਖਿਆ ਅਤੇ ਉਹਦੇ ਪਾਸੇ ਵੱਲ ਖ਼ੂਨ ਵੀ ਵੇਖਿਆ। ਉਹ ਮਸੀਹੀ ਜਨ ਸੀ। ਅਤੇ ਉਹਨੇ ਆਪਣੇ ਘੋੜੇ ਨੂੰ ਆਖਿਆ। ਉਹ ਆਖਿਆ, "ਮੈਂ ਅਕਸਰ ਸੁਣਿਆ ਹੈ ਕਿ ਜੰਗਲੀ ਜਾਨਵਰਾਂ ਨੂੰ...ਪ੍ਰੇਰਣਾ ਮਿਲਦੀ ਹੈ। ਇੰਝ ਨਹੀਂ ਜਾਪਦਾ ਕਿ ਉਹ ਦਲ ਜਿਹੜਾ ਉਸ ਰਾਹ ਨੂੰ ਮੁੜ ਗਿਆ ਹੈ ਉਹ ਪਾਣੀ ਕੋਲ ਅੱਪੜੇਗਾ। ਪਰ ਇਸ ਤਰ੍ਹਾਂ ਜਾਪਦਾ ਹੈ ਕਿ ਇਹ ਮਹਾਨ ਅਤੇ ਵੱਡਾ ਰਾਹ ਜੋ ਇੱਥੇ ਹੈ ਇਹ ਉੱਥੇ ਲੈ ਜਾਵੇਗਾ ਜਿੱਥੇ ਉਹ ਲਗਾਤਾਰ ਪਾਣੀ ਵੱਲ ਜਾਂਦੇ ਹਨ"। ਪਰ ਆਖਿਆ, "ਜੇ ਤੂੰ ਇੱਥੋਂ ਤਕ ਮੈਨੂੰ ਵਫ਼ਾਦਾਰੀ ਨਾਲ ਲਿਆਇਆ ਹੈ ਤਾਂ ਮੈਂ ਤੇਰੀ ਹੀ ਪ੍ਰੇਰਣਾ ਦੀ ਪੈਰਵੀ ਕਰਾਂਗਾ"।

80 ਔਹ, ਮੈਂ ਕਿਵੇਂ ਉਸ ਮਸੀਹ ਦੇ ਬਾਰੇ ਸੋਚਦਾ ਹਾਂ। ਬਰਬਾਦੀ ਦਾ ਰਾਹ ਤਾਂ ਧਰਿਆ ਹੋਇਆ ਹੈ ਤੇ ਸਾਰੇ ਰਾਹ ਅੱਗ ਲੱਗੀ ਹੋਈ ਹੈ। ਪਰ ਇੱਕ ਭੀੜਾ ਰਾਹ ਜਿਹੜਾ ਜਿਊਣ ਨੂੰ ਜਾਂਦਾ ਹੈ, ਥੋੜੇ ਹੀ ਹੋਣਗੇ ਜਿਹੜੇ ਇਸਨੂੰ ਪਾਉਣਗੇ। ਸਿਰਫ਼ ਪ੍ਰੇਰਣਾ ਹੀ ਨਹੀਂ, ਪਰ ਪਵਿੱਤਰ ਆਤਮਾ ਹੀ ਤੁਹਾਨੂੰ ਉਸ ਜਿਊਣ ਦੇ ਪਾਣੀ ਦੀ ਵੱਲ ਮੋੜੇਗਾ। ਮੈਂ ਸੋਚਦਾ ਹਾਂ ਕਿ ਮੈਨੂੰ ਇਹ ਇੱਥੋਂ ਤਕ ਲਿਆਇਆ ਹੈ, ਮੈਂ ਇਹਨੂੰ ਬਾਕੀ ਦੇ ਰਾਹ ਵੀ ਲੈ ਕੇ ਚਲਾਂਗਾ।

81 ਕਹਾਣੀ ਨੂੰ ਖਤਮ ਕਰਨ ਲਈ। ਤੇ ਉਹ ਅੱਧਾ ਮਿਲ ਵੀ ਨਹੀਂ ਗਿਆ ਹੋਣਾ। ਜਦ ਤਕ ਕਿ ਅਚਾਨਕ ਵਫ਼ਾਦਾਰ ਘੋੜਾ ਠੀਕ ਇੱਕ ਵੱਡੇ ਪਾਣੀ ਦੇ

ਮੋਰੇ ਵਿੱਚ ਡੁੱਬ ਗਿਆ। ਘੋੜਾ ਜਾਣਦਾ ਸੀ ਕਿ ਉਹ ਕੀ ਗੱਲਬਾਤ ਕਰ ਰਿਹਾ ਹੈ। ਤੇ ਸਵਾਰ ਨੂੰ ਇਸ ਤਰ੍ਹਾਂ ਇੱਜਹਾਰ ਕਰਕੇ ਦੱਸਣ ਦਾ ਉਹਦਾ ਕੀ ਭਾਵ ਹੈ। ਉਹ ਉੱਥੇ ਪਹੁੰਚ ਗਿਆ। ਉਹਨੇ ਆਖਿਆ ਕਿ ਉਹਨੇ ਘੋੜੇ ਦੇ ਨੱਕ ਵਿੱਚ ਪਾਣੀ ਸੁੱਟਿਆ। ਉਹਨੇ ਅਸ਼ਨਾਨ ਕੀਤਾ ਅਤੇ ਉਹਨੇ ਚੀਕਾਂ ਮਾਰੀਆਂ, ਉਹਨੇ ਸ਼ੋਰ ਗੁਲ ਕੀਤਾ। ਤੇ ਉਹ ਆਪਣੀ ਪੂਰੀ ਆਵਾਜ ਨਾਲ ਦੁਹਾਈ ਪਾ ਰਿਹਾ ਸੀ। ਆਪਣੇ ਗਲੇ ਵਿੱਚੋਂ ਪਾਣੀ ਉਗਲ ਰਿਹਾ ਸੀ। ਤੇ ਚੀਕਾਂ ਮਾਰ ਰਿਹਾ ਸੀ, "ਅਸੀਂ ਬਚ ਗਏ ਹਾਂ! ਅਸੀਂ ਬਚ ਗਏ ਹਾਂ!" ਅਤੇ ਘੋੜਾ ਪੀ ਰਿਹਾ ਸੀ ਅਤੇ ਕੰਬ ਰਿਹਾ ਸੀ। ਤੇ ਉਹਨੇ ਉਹਦੇ ਖੂਨ ਵਾਲੇ ਪਾਸਿਆਂ ਨੂੰ ਵੇਖਿਆ ਤੇ ਖੂਨ ਉਹਨਾਂ ਪੈਰਾਂ ਦੇ ਨਿਸ਼ਾਨਾਂ ਤੋਂ ਨਿਕਲ ਰਿਹਾ ਸੀ।

82 ਅਤੇ ਆਖਿਆ ਉਦੋਂ ਹੀ, ਉਹਨੇ ਆਖਿਆ…ਕਿਸੇ ਨੂੰ ਆਖਦੇ ਸੁਣਿਆ, "ਪਾਣੀ ਵਿੱਚੋਂ ਬਾਹਰ ਨਿਕਲ ਆਓ"। ਅਤੇ ਉਹਨੇ ਵੇਖਿਆ, ਉੱਥੇ ਕਰੂਪ ਜਿਹਾ ਪਾਲੀ ਮੁੰਡਾ ਖਲੌਤਾ ਹੋਇਆ ਸੀ। ਤੇ ਪਾਣੀ ਵਿੱਚੋਂ ਬਾਹਰ ਆ ਗਿਆ। ਅਤੇ ਉਹਨੇ ਆਖਿਆ ਉਹਨੂੰ ਅੱਗ ਦੀ ਮੁਸ਼ਕ ਆਈ, ਤੇ ਉਹਨੇ ਵੇਖਿਆ, ਉੱਥੇ ਕੁਝ ਲੋਕਾਂ ਦਾ ਟੌਲਾ ਡੇਰਾ ਲਾਏ ਹੋਏ ਸੀ। ਉਹ ਲੋਕ ਬਹੁਮੁੱਲ ਪੱਥਰ ਤੇ ਧਾਤਾਂ ਦੀ ਭਾਲ ਵਿੱਚ ਉੱਥੇ ਗਏ ਸਨ। ਉਹਨਾਂ ਨੂੰ ਕੁਝ ਸੋਨਾ ਲੱਭਾ ਸੀ। ਤੇ ਵਾਪਸੀ ਦੇ ਸਮੇਂ ਉਹਨਾਂ ਦੇ ਕੋਲ ਉਹਨਾਂ ਦੇ ਘੋੜੇ ਸਨ। ਅਤੇ ਉਹ ਘੋੜੇ ਲੱਦੀ ਲਿਆਉਂਦੇ ਸਨ। ਤੇ ਉਹ ਇਸ ਪਾਣੀ ਦੇ ਤਲਾਅ ਦੇ ਕੋਲ ਆਂ ਕੇ ਵਿਸ਼ਰਾਮ ਕਰ ਰਹੇ ਸਨ। ਉਹਨਾਂ ਸਭਨਾ ਨੇ ਸ਼ਰਾਬ ਪੀਤੀ ਹੋਈ ਸੀ।

83 ਅਤੇ ਕਿਹਾ ਉਹਨਾਂ ਨੇ ਹਿਰਨ ਦਾ ਮਾਸ ਰਿਧਾ ਸੀ, ਅਤੇ ਉਹਨਾਂ ਨੇ ਉਹਨਾਂ ਨਾਲ ਖਾਧਾ। ਅਤੇ ਕਿਹਾ, ਉਹਨਾਂ ਵਿੱਚੋਂ ਇੱਕ ਨੇ ਕਿਹਾ, "ਤੂੰ ਵੀ ਇੱਕ ਹਾੜਾ ਪੀ ਲੈ"। ਉਹਨੇ ਉਹਨਾਂ ਨੂੰ ਦੱਸਿਆ ਕਿ ਉਹ ਕੌਣ ਸੀ। ਉਹ ਜੈਕ ਕਾਏ ਇੰਡੀਅਨਸ ਦਾ ਮਾਰਗਦਰਸ਼ਕ ਸੀ। ਸੋ ਉਹਨੇ ਕਿਹਾ, "ਠੀਕ ਹੈ, ਥੋੜ੍ਹੀ ਪੀ ਲੈ"।

ਉਹਨੇ ਕਿਹਾ, "ਨਹੀਂ"। ਉਹਨੇ ਕਿਹਾ, "ਮੈਂ ਨਹੀਂ ਪੀਂਦਾ"।

84 ਅਤੇ ਉਹਨਾਂ ਲੋਕਾਂ ਦੇ ਲਈ ਇਹ ਤਾਂ ਇੱਕ ਕਿਸਮ ਦੀ ਬੇਨਤੀ ਸੀ। ਸੋ ਉਹਨੇ ਕਿਹਾ, "ਤੂੰ ਸਾਡੇ ਤੋਂ ਸ਼ਰਾਬ ਲਵੇਂਗਾ!"

ਉਹਨੇ ਕਿਹਾ, "ਨਹੀਂ। ਮੈਂ ਨਹੀਂ ਪੀਂਦਾ"।

85 ਸੋ ਉਸਨੇ ਜਗ ਉਤਾਂਹ ਸੁੱਟ ਕੇ ਕਿਹਾ, "ਲੈ ਪੀ"। ਤੁਸੀਂ ਜਾਣਦੇ ਹੋ, ਉਹ ਸਭ ਸ਼ਰਾਬੀ ਨਸ਼ੇ ਵਿੱਚ ਗੁੱਟ ਸਨ। ਲੱਗਭਗ ਅੱਧਾ ਦਰਜਨ ਸੀ।

ਸੋ ਉਹਨੇ ਕਿਹਾ, "ਮੁੰਡੀਓ, ਤੁਹਾਡਾ ਧੰਨਵਾਦ"।

86 ਉਹਨਾਂ ਆਖਿਆ, “ਜੇ ਸਾਡਾ ਹਿਰਨ ਦਾ ਮਾਸ ਖਾਣ ਲਈ ਬਹੁਤ ਵਧੀਆ ਹੈ, ਤਾਂ ਸਾਡੀ ਵਿਸਕੀ ਵੀ ਪੀਣ ਲਈ ਬਹੁਤੁ ਵਧੀਆ ਹੈ”।

87 ਅਤੇ ਤੁਸੀਂ ਜਾਣਦੇ ਹੋ ਕਿਵੇਂ ਉਹ ਗੁੱਟ ਸਨ। ਅਤੇ ਉਹਨੇ ਕਿਹਾ, “ਨਹੀਂ”, ਉਹਨੇ ਆਖਿਆ।

88 ਅਤੇ ਉਹਨਾਂ ਨੇ ਬੰਦੂਕ ਵਿੱਚ ਗੋਲੀ ਪਾ ਲਈ। ਅਤੇ ਉਹਨੇ ਕਿਹਾ, “ਹੁਣ ਤੂੰ ਪੀਂਵੇਗਾ ਨਹੀਂ ਤਾਂ!”

89 ਉਹਨੇ ਕਿਹਾ, “ਨਹੀਂ, ਨਹੀਂ ਮੈਂ ਨਹੀਂ ਪੀਣੀ”।ਅਤੇ ਆਖਿਆ ਜਰਾ ਕੁ ਠਹਿਰੀ। ਆਖਿਆ, “ਇੱਕ ਮਿੰਟ ਰੁਕੋ”। ਆਖਿਆ, “ਮੈਂ ਮਰਨ ਤੋਂ ਨਹੀਂ ਡਰਦਾ”। ਉਹਨੇ ਕਿਹਾ, “ਮੈਂ—ਮੈਂ ਮਰਨ ਤੋਂ ਨਹੀਂ ਡਰਦਾ ਹਾਂ”। ਉਹਨੇ ਕਿਹਾ, “ਮੈਂ—ਮੈਂ ਤੁਹਾਨੂੰ ਆਪਣੀ ਕਹਾਣੀ ਦੱਸਣਾ ਚਾਹੁੰਦਾ ਹਾਂ, ਇਸ ਤੋਂ ਪਹਿਲਾਂ ਕਿ ਮੈਂ ਮਰਾਂ, ਮੇਰੇ ਨਾ ਪੀਣ ਦਾ ਕਾਰਣ”। ਕਿਹਾ, “ਮੈਂ ਕੈਂਟਕੀ ਦਾ ਰਹਿਣ ਵਾਲਾ ਹਾਂ”। ਉਹਨੇ ਕਿਹਾ, “ਇੱਕ ਪੁਰਾਣੇ ਲਕੜੀ ਦੇ ਮਕਾਨ ਵਿੱਚ ਇੱਕ ਸਵੇਰ, ਜਿੱਥੇ ਕਿ ਮਾਂ ਮਰਨ ਕਿਨਾਰੇ ਪਈ ਹੋਈ ਸੀ, ਉਹਨੇ ਮੈਨੂੰ ਆਪਣੇ ਬਿਸਤਰੇ ਦੇ ਪਾਸੇ ਵੱਲ ਸੱਦਿਆ, ਅਤੇ ਆਖਿਆ, ‘ਜੈਕ ਤੇਰਾ ਪਿਤਾ ਹੱਥਾਂ ਵਿੱਚ ਤਾਸ਼ ਦੇ ਪਤੇ ਲੈ ਕੇ, ਮੇਜ ਦੇ ਦੁਆਲੇ, ਸ਼ਰਾਬੀ ਹਾਲਤ ਵਿੱਚ ਮਰ ਗਿਆ ਸੀ’। ਅਤੇ ਆਖਿਆ, “ਤੂੰ ਕੁਝ ਵੀ ਕਰ, ਜੈਕ, ਪਰ ਸ਼ਰਾਬ ਕਦੇ ਨਾ ਪੀਵੀਂ”। ਅਤੇ ਆਖਿਆ, “ਮੈਂ ਆਪਣੇ ਹੱਥ ਆਪਣੀ ਮਾਂ ਦੇ ਪਰਵੱਟਿਆਂ ਤੇ ਰੱਖੇ, ਅਤੇ ਮੈਂ ਮੁੰਡਪੁਣੇ ਦੀ ਉਮਰ ਵਿੱਚ ਹੀ ਜਦੋਂ ਮੈਂ ਦਸਾਂ ਸਾਲਾਂ ਦਾ ਸੀ ਮੈਂ ਪਰਮੇਸ਼ਵਰ ਨਾਲ ਵਾਦਾ ਕੀਤਾ ਸੀ ਕਿ ਮੈਂ ਕਦੇ ਵੀ ਸ਼ਰਾਬ ਨਹੀਂ ਪੀਵਾਂਗਾ”। ਉਹਨੇ ਕਿਹਾ, “ਮੈਂ ਕਦੇ ਨਹੀਂ ਪੀਤੀ”। ਅਤੇ ਕਿਹਾ, “ਹੁਣ ਜੇ ਤੂੰ ਗੋਲੀ ਮਾਰਨਾ ਚਾਹੁੰਦਾ ਹੈਂ, ਤਾਂ ਗੋਲੀ ਮਾਰ”।

90 ਅਤੇ ਜਿਉਂ ਹੀ ਸ਼ਰਾਬੀ ਨੇ ਆਪਣੀ ਰਫ਼ਲ ਚੁੱਕੀ ਤੇ ਫਿਰ ਜਗ ਨੂੰ ਉਤਾਂਹ ਸੁੱਟਿਆ ਅਤੇ ਉਹਨੇ ਆਖਿਆ, “ਇਹਨੂੰ ਪੀ ਨਹੀਂ ਤਾਂ ਗੋਲੀ ਮਾਰ ਦਿਆਂਗਾ!” ਅਤੇ ਉਦੋਂ ਹੀ ਉਹਨੇ ਗੋਲੀ ਮਾਰ ਦਿੱਤੀ ਤੇ ਜਗ ਫੱਟ ਗਿਆ।

91 ਪਹਾੜਾਂ ਦੇ ਪਾਸੇ ਵੱਲ ਉਹ ਛੋਟਾ ਜਿਹਾ ਕਰੂਪ ਪਾਲੀ ਮੁੰਡਾ ਖਲੌਤਾ ਸੀ। ਗੱਲਾਂ ਤੇ ਅਥੱਰੂ ਵਗ ਰਹੇ ਸਨ। ਉਹਨੇ ਕਿਹਾ, “ਜੈਕ ਮੈਂ ਵੀ ਕੈਂਟਕੀ ਦਾ ਰਹਿਣ ਵਾਲਾ ਹਾਂ। ਮੈਂ ਵੀ ਇੱਕ ਦਿਨ ਆਪਣੀ ਮਾਂ ਨਾਲ ਵਾਦਾ ਕੀਤਾ ਸੀ। ਪਰ ਮੈਂ ਆਪਣਾ ਵਾਦਾ ਤੋੜ ਦਿੱਤਾ”। ਉਹਨੇ ਕਿਹਾ, “ਮੈਂ ਉਡੀਕ ਰਿਹਾ ਸੀ ਕਿ ਜਦ ਇਹ ਮੁੰਡੇ ਨਸ਼ੇ ਵਿੱਚ ਚੂਰ ਹੋ ਜਾਣਗੇ, ਜਿਦਾਂ ਵੀ ਹੋਵੇ ਮੈਂ ਇਹਨਾਂ ਸਾਰਿਆਂ ਦਾ ਟੋਲਾ ਮਾਰ ਮੁਕਾਵਾਂਗਾ ਤੇ ਇਹਨਾਂ ਦਾ ਇਹ ਸੋਨਾ ਲੈ ਲਵਾਂਗਾ”। ਉਹਨੇ ਕਿਹਾ, “ਮੈਂ ਸ਼ਰਾਬੀ ਰਿਹਾ ਹਾਂ ਤੇ ਮੈਂ ਮਾੜਾ ਕੀਤਾ ਹੈ ਪਰ,” ਆਖਿਆ,

"ਮੈਨੂੰ ਯਕੀਨ ਹੈ ਕਿ ਜਦ ਮੇਰੀ ਬੰਦੂਕ ਅਕਾਸ਼ਾਂ ਵਿੱਚ ਗੂੰਜੇਗੀ, ਮਾਂ ਨੇ ਮੈਨੂੰ ਵਾਦਾ ਕਰਦੇ ਨੂੰ ਸੁਣਿਆ ਹੈ ਕਿ ਮੈਂ ਇਹ ਕਦੇ ਵੀ ਦੁਬਾਰਾ ਨਹੀਂ ਕਰਾਂਗਾ"। ਅਤੇ ਉੱਥੇ, ਪਰਮੇਸ਼ਵਰ ਦੀ ਕਿਰਪਾ ਦੇ ਨਾਲ, ਉਹਨੇ ਉਹਨਾਂ ਸਭਨਾ ਲੋਕਾਂ ਦੀ ਅਗੁਵਾਈ ਮਸੀਹ ਤਕ ਕੀਤੀ, ਉਹਨਾਂ ਦੀ ਜੋ ਉੱਥੇ ਸਨ।

92 ਵੇਖੋ, ਪਾਣੀ ਦੇ ਬਾਰੇ ਕੁਝ ਹੈ, ਤਾਜਗੀ ਦੇ ਬਾਰੇ ਕੁਝ ਹੈ। ਮੇਰਾ ਇਸ਼ਾਰਾ ਸੀ ਕਿ ਜਦ ਤੁਸੀਂ ਪਿਆਸੇ ਹੋਵੋ ਤਾਂ ਪਾਣੀ ਕੋਲ ਆਵੋ। ਇਹ ਤੁਹਾਨੂੰ ਕੁਝ ਕਰਦਾ ਹੈ। ਜਦ ਤੁਸੀਂ ਪਿਆਸੇ ਹੋਵੋ ਤਾਂ ਪਾਣੀ ਕੋਲ ਜਾਓ।

93 ਹੁਣ ਉਹਨੇ ਕਿਹਾ, "ਆਪਣੀ ਸ਼ਾਂਤੀ ਮੈਂ ਤੁਹਾਨੂੰ ਦਿੰਦਾ ਹਾਂ। ਆਪਣੀ ਸ਼ਾਂਤੀ ਮੈਂ ਤੁਹਾਨੂੰ ਦਿੰਦਾ ਹਾਂ"। ਉਦਾਂ ਨਹੀਂ ਜਿਵੇਂ ਸੰਸਾਰ ਤੁਹਾਨੂੰ ਦਿੰਦਾ ਹੈ ਪਰ ਜਿਦਾਂ ਉਹ ਦਿੰਦਾ ਹੈ। ਉਹਦੀ ਸ਼ਾਂਤੀ ਸਾਡੀ ਪਿਆਸ ਬੁਝਾਉਂਦੀ ਹੈ। ਜੇ ਅਸੀਂ ਸ਼ਾਂਤੀ ਚਾਹੁੰਦੇ ਹਾਂ, ਤਾਂ ਆਓ ਅਸੀਂ ਉਸਦੀ ਸ਼ਾਂਤੀ ਵਿੱਚ ਤਾਜਗੀ ਬਣਾਈਏ। ਇਹ ਜਾਣ ਕੇ ਕਿ ਅਸੀਂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ਵਰ ਦੇ ਨਾਲ ਸਾਡੀ ਸ਼ਾਂਤੀ ਹੈ। ਉਹ ਸਾਡਾ ਸ਼ਾਂਤੀ ਦਾ ਦਾਤਾ ਹੈ ਜੋ ਸਾਡੀ ਪਿਆਸ ਬੁਝਾਉਂਦਾ ਹੈ।

94 ਉਹ ਆਇਤ ਜਿਹੜੀ ਆਖਦੀ ਹੈ, "ਉਹ ਸੱਚ ਵਿੱਚ ਖਾਣ ਅਤੇ ਪੀਣ ਦੀ ਚੀਜ਼ ਹੈ"। ਮੈਂ ਸਤਵੰਜਾ ਆਇਤ ਉੱਤੇ ਨਿਸ਼ਾਨੀ ਲਾਈ ਹੋਈ ਹੈ। "ਸੱਚ ਵਿੱਚ ਇਹ ਖਾਣ ਦੀ ਚੀਜ਼ ਅਤੇ ਸੱਚ ਵਿੱਚ ਪੀਣ ਦੀ ਚੀਜ ਹੈ"। ਸੁਣੋ ਉਹਨੇ ਇੱਥੇ ਕੀ ਆਖਿਆ ਹੈ।

> *ਜਿਸ ਤਰ੍ਹਾਂ ਜਿਉਂਦੇ ਪਿਤਾ ਨੇ ਮੈਨੂੰ ਭੇਜਿਆ ਅਤੇ ਮੈਂ ਪਿਤਾ ਦੇ ਕਾਰਣ ਜਿਉਂਦਾ ਹਾਂ, ਉਸੇ ਤਰ੍ਹਾਂ ਜਿਹੜਾ ਮੈਨੂੰ ਖਾਂਦਾ ਹੈ ਮੇਰੇ ਕਾਰਣ ਜੀਏਗਾ।*

95 ਦੂਜੇ ਸ਼ਬਦਾਂ ਵਿੱਚ, "ਪਿਤਾ ਨੇ ਮੈਨੂੰ ਘੱਲਿਆ ਹੈ ਅਤੇ ਮੈਂ ਪਿਤਾ ਦੇ ਕਾਰਣ ਜਿਉਂਦਾ ਹਾਂ। ਅਤੇ ਹਰੇਕ ਜਨ ਜੋ ਮਸੀਹ ਕੋਲ ਆਉਂਦਾ ਹੈ ਉਸਨੂੰ ਮਸੀਹ ਤੋਂ ਜਿਉਣਾ ਚਾਹੀਦਾ ਹੈ"। ਔਹ, ਬੱਲੇ, ਇਹ ਹੋਈ ਨਾ ਗੱਲ, ਇਹ ਹੈ ਪ੍ਰਭੂ ਭੋਜ। ਇਹ ਹੈ ਅਸਲੀ ਪ੍ਰਭੂ ਭੋਜ ਜੋ ਤੁਹਾਨੂੰ ਮਿਲਦਾ ਹੈ। ਜਦ ਤੁਸੀਂ ਮਸੀਹ ਦੇ ਦੁਆਰਾ ਜਿਉਂਦੇ ਹੋ।

96 ਹੁਣ, ਸਾਡੇ ਸ਼ਰੀਰਾਂ ਨੂੰ ਰੋਜ ਖਾਣ ਅਤੇ ਪੀਣ ਦੀ ਲੋੜ ਪੈਂਦੀ ਹੈ ਤਾਂ ਕਿ ਸਾਡਾ ਭੌਤਿਕ ਸ਼ਰੀਰ ਜਿੰਦਾ ਰਹਿ ਸਕੇ। ਜੇ ਅਸੀਂ ਹਰ ਰੋਜ ਨਾ ਖਾਈਏ ਪੀਈਏ ਤਾਂ ਸਾਡਾ ਸ਼ਰੀਰ ਕਮਜੋਰ ਹੋ ਜਾਂਦਾ ਹੈ। ਸਾਡੇ ਅੰਦਰ ਕੁਝ ਹੈ ਕਿ ਸਾਨੂੰ ਭੋਜਨ ਜਰੂਰ ਚਾਹੀਦਾ ਹੈ। ਇੱਕ ਦਿਨ ਦਾ ਭੋਜਨ ਅਗਲੇ ਦਿਨ ਦੇ ਲਈ ਨਹੀਂ ਚੱਲੇਗਾ। ਤੁਹਾਨੂੰ ਆਪਣੇ ਮਰਨਹਾਰ ਦੇਹਾਂ ਨੂੰ ਬਲਵਾਨ ਬਣਾਉਣ ਲਈ ਹਰ ਰੋਜ ਖਾਣਾ ਪੈਂਦਾ ਹੈ। ਤੁਸੀਂ ਜਿਉਂਦੇ ਤਾਂ ਰਹਿ ਸਕਦੇ ਹੋ, ਪਰ ਤੁਸੀਂ ਕਮਜੋਰ

ਹੋ ਜਾਂਦੇ ਹੋ। ਅਤੇ ਅਗਲੇ ਦਿਨ ਅਜੇ ਵੀ ਤੁਸੀਂ ਕਮਜੋਰ ਹੋ। ਅਤੇ ਤੀਜੇ ਦਿਨ ਤੁਸੀਂ ਬਹੁਤ ਬੁਰੀ ਤਰ੍ਹਾਂ ਨਾਲ ਕਮਜੋਰ ਪੈ ਜਾਂਦੇ ਹੋ।

97 ਠੀਕ ਹੈ, ਇਹੋ ਕੁਝ ਹੀ ਅਸੀਂ ਕਈ ਵਾਰ ਆਤਮਿਕ ਅਵਸਥਾ ਵਿੱਚ ਵੀ ਕਰਦੇ ਹਾਂ। ਤੁਸੀਂ ਵੇਖਦੇ ਹੋ ਕਿ ਹਰ ਦਿਨ ਅਸੀਂ ਮਸੀਹ ਨਾਲ ਸੰਗਤਿ ਕਰਨੀ ਹੈ। ਅਸੀਂ ਹਰ ਰੋਜ ਉਸ ਨਾਲ ਗੱਲ ਕਰਨੀ ਹੈ। ਅਸੀਂ ਹਰ ਰੋਜ ਇਹਦਾ ਨਬੇੜ ਉਹਦੇ ਨਾਲ ਕਰਨਾ ਹੈ। ਪੌਲੁਸ ਨੇ ਆਖਿਆ, "ਮੈਂ ਹਰ ਰੋਜ ਮਰਦਾ ਹਾਂ", ਸਮਝੇ? "ਹਰ ਰੋਜ, ਮੈਂ ਮਰਦਾ ਹਾਂ; ਤਦ ਵੀ ਮੈਂ ਜਿਉਂਦਾ ਹਾਂ, ਮੈਂ ਨਹੀਂ ਪਰ ਮਸੀਹ ਮੇਰੇ ਵਿੱਚ ਜਿਉਂਦਾ ਹੈ"। ਸੋ, ਜੇ ਜਿਉਂਦਾ ਰਹਿਣ ਲਈ, ਤੁਹਾਡੇ ਸ਼ਰੀਰ ਨੂੰ ਹਰ ਰੋਜ ਖਾਣ ਪੀਣ ਦੀ ਲੋੜ ਪੈਂਦੀ ਹੈ, ਤੁਹਾਡੇ ਆਤਮਿਕ ਸ਼ਰੀਰ ਨੂੰ ਆਤਮਿਕ ਭੋਜਨ ਅਤੇ ਹਰ ਰੋਜ ਸੰਗਤ ਦੀ ਲੋੜ ਹੁੰਦੀ ਹੈ, ਤਾਂ ਕਿ ਜਿਉਂਦਾ ਰਹਿ ਸਕੇ। ਹਾਂ ਜੀ। ਯਿਸੂ ਨੇ ਕਿਹਾ, "ਕੇਵਲ ਮਨੁੱਖ ਰੋਟੀ ਨਾਲ ਹੀ ਜਿਉਂਦਾ ਨਹੀਂ ਰਹੇਗਾ, ਪਰ ਹਰੇਕ ਸ਼ਬਦ ਨਾਲ ਜੋ ਕਿ ਪਰਮੇਸ਼ਵਰ ਦੇ ਮੂੰਹ ਵਿੱਚੋਂ ਨਿਕਲਦਾ ਹੈ"। ਸੋ, ਹਰੇਕ ਦਿਨ ਅਸੀਂ ਧਰਮ ਸ਼ਾਸਤਰ ਦਾ ਅਧਿਐਨ ਕਰਨ ਹੈ। ਕੁਝ ਲੋਕ ਬਿਲਕੁਲ ਵੀ ਇਹਦਾ ਅਧਿਐਨ ਨਹੀਂ ਕਰਦੇ। ਕੁਝ ਲੋਕ ਤਾਂ ਇਸਨੂੰ ਸਾਲ ਵਿੱਚ ਇਕ ਜਾਂ ਦੋ ਵਾਰ ਚੁੱਕਦੇ ਹਨ। ਪਰ, ਸੱਚਾ, ਸੱਚਾ ਨਿਹਚਾਵਾਨ, ਸਚਾ ਨਿਹਚਾਵਾਨ ਜੋ ਕਿ ਸੱਚਮੁੱਚ ਆਤਮਿਕ ਢੰਗ ਨਾਲ ਉਸਰਿਆ ਹੈ, ਉਹ ਆਪਣੀ ਬਾਈਬਲ ਹਰ ਰੋਜ ਪੜ੍ਹਦਾ ਹੈ। ਅਤੇ ਪ੍ਰਭੂ ਨਾਲ ਗੱਲਬਾਤ ਕਰਦਾ ਹੈ। ਇਹ ਠੀਕ ਹੈ। [ਟੇਪ ਵਿੱਚ ਖਾਲੀ ਥਾਂ—ਸੰਪਾ] ਉਹਨੇ ਇਹ ਕਰਨ ਹੀ ਹੈ। "ਮਨੁੱਖ ਕੇਵਲ ਰੋਟੀ ਨਾਲ ਹੀ ਨਹੀਂ ਜਿਉਂਦਾ ਰਹੇਗਾ, ਪਰ ਹਰੇਕ ਵਚਨ ਨਾਲ ਜੋ ਪਰਮੇਸ਼ਵਰ ਦੇ ਮੂੰਹੋਂ ਨਿਕਲਦਾ ਹੈ"।

98 ਦੂਜੀ ਗੱਲ ਅਸੀਂ ਆਪਣੇ ਸ਼ਰੀਰਾਂ ਨੂੰ ਮਜਬੂਤ ਬਣਾਉਣ ਲਈ ਭੋਜਨ ਖਾਂਦੇ ਹਾਂ ਤਾਂ ਕਿ ਬਿਮਾਰੀਆਂ ਦਾ ਮੁਕਾਬਲਾ ਕਰ ਸਕੀਏ। ਜੇ ਤੁਸੀਂ ਭੋਜਨ ਨਾ ਖਾਓ ਤੇ ਤੁਹਾਡਾ ਸ਼ਰੀਰ ਕਮਜੋਰ ਪੈ ਜਾਂਦਾ ਹੈ, ਤੇ ਇਹ ਬਿਮਾਰੀਆਂ ਦੇ ਅਧੀਨ ਹੋ ਜਾਂਦਾ ਹੈ। ਬਿਮਾਰੀਆਂ ਠੀਕ ਖੂਨ ਦੀ ਧਾਰ ਵਿੱਚ ਵੜ ਜਾਣਗੀਆਂ ਤੇ ਤੁਸੀਂ ਨਾਸ਼ ਹੋ ਜਾਓਗੇ। ਜੇ ਤੁਹਾਡਾ ਖੂਨ ਤਕੜਾ ਅਤੇ ਸ਼ੁੱਧ ਨਹੀਂ ਹੈ, ਠੀਕ ਹੈ, ਇੰਝ ਹੋਵੇਗਾ, ਤੇ ਬਿਮਾਰੀਆਂ ਠੀਕ ਤੁਹਾਡੇ ਖੂਨ ਦੀ ਧਾਰ ਵਿੱਚ ਚਲੀਆਂ ਜਾਣਗੀਆਂ। ਸੋ ਤੁਹਾਨੂੰ ਚੰਗੀ ਪਾਲਣਾ ਵਾਲਾ ਭੋਜਨ ਖਾਣਾ ਪੈਣਾ ਹੈ ਤਾਂ ਕਿ ਤੁਹਾਡਾ ਖੂਨ ਦਾ ਬਹਾਵ ਠੀਕ ਰਹਿ ਸਕੇ। ਜੇ ਤੁਸੀਂ ਇੰਝ ਨਹੀਂ ਕਰਦੇ ਤਾਂ ਬਿਮਾਰੀਆਂ ਲੱਗਣ ਦਾ ਦਰ ਰਹੇਗਾ। ਇਹੋ ਹੀ ਗੱਲ ਅੱਜ ਬਹੁਤ ਸਾਰੇ ਮਸੀਹੀ ਲੋਕਾਂ ਦੇ ਨਾਲ ਹੈ।

99 ਜਿਦਾਂ ਦੀ ਦੋਗਲੀ ਨਸਲ ਦੇ ਪੌਦੇ। ਤੁਸੀਂ ਜਾਣਦੇ ਹੋ ਕਿ ਤੁਸੀਂ ਇੱਕ ਦੋਗਲੀ

ਨਸਲ ਦਾ ਪੌਦਾ ਲਓ, ਤੁਹਾਨੂੰ ਉਹਦੀ ਬਹੁਤ ਹੀ ਸੰਭਾਲ ਕਰਨੀ ਪਵੇਗੀ। ਇਹ ਹਵਾ ਨੂੰ ਨਹੀਂ ਜਾਣਦਾ। ਇਹ ਸੂਰਜ ਦੀ ਚਮਕ ਅਤੇ ਹੋਰ ਚੀਜਾਂ ਆਦਿ ਨੂੰ ਨਹੀਂ ਜਾਣਦਾ, ਇਹ ਤਾਂ ਢੱਕਿਆ ਰਿਹਾ ਹੈ ਤੇ ਇਹਦੀ ਦੇਖਭਾਲ ਕੀਤੀ ਗਈ ਹੈ। ਅਤੇ ਇਹੋ ਹੀ ਗੱਲ ਅੱਜ ਅਖੌਤੀ ਮਸੀਹੀ ਲੋਕਾਂ ਦੇ ਨਾਲ ਹੈ, ਉਹ ਦੋਗਲੀ ਨਸਲ ਦੇ ਪੌਦੇ। ਇਹ ਠੀਕ ਹੈ, ਹਰੇਕ ਕੀਟਾਣੂ ਜੋ ਆਉਂਦਾ ਹੈ ਉਹਦੇ ਅਧੀਨ ਹਨ! ਤੁਸੀਂ ਜਾਣਦੇ ਹੋ ਕਿ ਇਹ ਸਿਰਫ਼...ਦੋਗਲੀ ਨਸਲ ਦੇ ਪੋਦੇ, ਇਹ ਹੀ ਪੋਦੇ ਕੇਵਲ ਇੰਨੇ ਕੋਮਲ ਤੇ ਨਾਜੁਕ ਹੁੰਦੇ, ਜਾਂ, ਜਿਹਨਾਂ ਨੂੰ ਛਿੜਕਾਓ ਕਰਨਾ ਪੈਂਦਾ ਹੈ।

100 ਤੁਸੀਂ ਜਾਣਦੇ ਹੋ ਤੁਸੀਂ ਇੱਕ ਹੈਅਰਫੋਰਡ ਦੀ ਗਾਈਂ ਲੈ ਕੇ ਤੇ ਉਹਨੂੰ ਚਰਾਂਦ ਵਿੱਚ ਛੱਡ ਦਿਓ, ਤੇ ਇੱਕ ਲੰਮੇ ਸਿੰਗਾਂ ਵਾਲੀ ਨੂੰ ਛੱਡ ਦਿਓ। ਉਹ ਲੰਮੇ ਸਿੰਗਾਂ ਵਾਲੀ ਤਾਂ ਆਪਣਾ ਰਾਹ ਆਪਣੇ ਆਪ ਬਣਾ ਲਵੇਗੀ ਕਿਉਂਕਿ ਉਹ ਤਾਂ ਅਸਲੀ ਨਸਲ ਹੈ। ਪਰ ਤੁਸੀਂ ਬਰੇਂਗਸ ਜਾਂ ਹੈਅਰਫੋਰਡ ਨੂੰ ਲਓ ਜਿਸਦੀ ਨਸਲਕਸ਼ੀ ਕੀਤੀ ਗਈ ਹੈ ਅਤੇ ਦੋਗਲੀ ਹੈ। ਇਹ ਵੇਖਣ ਲਈ ਤਾਂ ਯਕੀਨਨ ਅਤੇ ਫਿੱਟੀ ਹੋਈ ਤੰਦਰੁਸਤ ਗਾਂ ਹੈ। ਪਰ ਤੁਸੀਂ ਉਹਨਾਂ ਨੂੰ ਬਾਹਰ ਛੱਡ ਦਿਓ ਤੇ ਉਹ ਆਪਣਾ ਰਅਹ ਆਪੇ ਨਹੀਂ ਬਣਾ ਸਕਦੀਆਂ। ਉਹ ਮਰ ਜਾਣਗੀਆਂ! ਉਹਨਾਂ ਦਾ ਖਿਆਲ ਰੱਖਣਾ ਅਤੇ ਸੰਭਾਲ ਕਰਨੀ ਪੈਂਦੀ ਹੈ। ਵੇਖਿਆ ਜੇ?

101 ਅਤੇ ਅੱਜ ਵੀ ਇਹੋ ਹੀ ਗੱਲ ਹੈ। ਸਾਡੇ ਕੋਲ ਵਧੀਆ ਵਸਤਰ ਅਤੇ ਬੂਟ ਸੂਟ ਪਾਉਣ ਵਾਲੇ ਮਸੀਹੀ ਹਨ, ਵੱਡੇ ਵੱਡੇ ਗਿਰਜੇ ਹਨ, ਬਹੁਤ—ਸਾਰੀ ਪੜਾਈ ਲਿਖਾਈ ਹੈ, ਬਹੁਤ ਸਾਰੀ ਦੇਵੀ ਵਿਦਿਆ ਹੈ। ਪਰ ਉਹਨਾਂ ਦੀ ਹਰ ਸਮੇਂ ਸੰਭਾਲ ਕਰਨੀ ਪੈਂਦੀ ਹੈ। ਤੁਹਾਨੂੰ ਤਾਂ ਉਹਨਾਂ ਦੇ ਹੀ ਸ਼ੀਸ਼ੇ ਥਾਣੀ ਦੇਖਣਾ ਪੈਣਾ ਹੈ ਨਹੀਂ ਤਾਂ ਤੁਹਾਨੂੰ ਦਿਸਦਾ ਹੀ ਨਹੀਂ। ਸਾਨੂੰ ਅੱਜ ਕੁਝ ਅਸਲੀ ਮਸੀਹੀ ਲੋਕਾਂ ਦੀ ਲੋੜ ਹੈ ਜਿਹਨਾਂ ਦਾ ਜਨਮ ਯਿਸੂ ਮਸੀਹ ਦੇ ਲਹੂ ਥੱਲੇ ਹੋਇਆ ਹੋਵੇ। ਜਿਹੜੇ ਗਿਰਜੇ ਦੀ ਦੇਵੀ ਵਿਦਿਆ ਨਾਲ ਨਾ ਜੁੜੇ ਹੋਣ, ਪਰ ਪਰਮੇਸ਼ਵਰ ਦੇ ਵਚਨ ਦੇ ਨਾਲ ਤੇ ਮਸੀਹ ਦੇ ਨਾਲ ਸੰਗਤ ਰੱਖਦੇ ਹੋਣ। ਵਚਨ ਨਿਹਚਾਵਾਨ ਦੇ ਅੰਦਰ ਆਉਂਦਾ ਹੈ, ਅਤੇ—ਅਤੇ ਉਹ ਆਤਮਿਕ ਸ਼ਰੀਰ ਉਸਰਦਾ ਹੈ। ਦੋਗਲੀ ਨਸਲ ਦਾ ਬੱਚਾ ਨਹੀਂ।

102 ਇੱਕ ਸੇਵਾਦਾਰ ਨੇ ਆਖਿਆ ਮੈਂ ਉਹਨੂੰ ਸੁਣਿਆ ਉਹਨੇ ਇੱਕ ਪ੍ਰਸਾਰਣ ਤੇ ਆਖਿਆ। ਉਹਨੇ ਕਿਹਾ ਜਦ ਉਹ ਦੇਸ਼ ਵਿੱਚ ਆਇਆ, ਉਹਨੂੰ ਨੱਕ ਜਾਂ ਨਜਲੇ ਦੀ ਬਿਮਾਰੀ ਸੀ, ਅਤੇ ਉਹ ਆਪਰੇਸ਼ਨ ਦੀ ਗੱਲਬਾਤ ਕਰ ਰਹੇ ਸਨ। ਉਹਨਾਂ ਕਿਹਾ ਕਿ ਉਹ *ਇਹ* ਜਾਂ *ਉਹ* ਕਰਨਗੇ। ਉਹਨੂੰ ਵੱਡ ਕੇ ਤੇ

ਚਿਰ ਫਾੜ ਕਰਨਗੇ। ਤੇ ਨਜਲੇ ਵਾਲੇ ਗਲਫੜੇ ਦੇ ਹਿੱਸੇ ਨੂੰ ਬਾਹਰ ਕੱਢਣਗੇ ਜਿਹਦੇ ਨਾਲ ਉਸ ਦਾ ਚਿਹਰਾ ਅੰਦਰ ਧੱਸ ਜਾਵੇਗਾ ਅਤੇ ਵਗੈਰਾ ਵਗੈਰਾ। ਅਤੇ ਉਹਨੇ ਕਿਹਾ ਉਹਨੇ ਬਹੁਤ ਸਾਰੀਆਂ ਗੋਲੀਆਂ ਵਰਤ ਲਈਆਂ ਸਨ। ਇਦਾਂ ਜਾਪਦਾ ਸੀ ਕਿ ਉਹਨੂੰ ਬਹੁਤ ਸਾਰੀਆਂ ਗੋਲੀਆਂ ਖਾਣੀਆਂ ਪੈਣੀਆਂ ਹਨ। ਪਰ ਜਦ ਉਹ ਇੱਕ ਚੰਗੇ ਮਸੀਹੀ ਵੈਦ ਹਕੀਮ ਕੋਲ ਆਇਆ। ਵੈਦ ਨੇ ਆਖਿਆ, “ਆਓ ਗੋਲੀਆਂ ਨੂੰ ਤੇ ਚੀਰ ਫਾੜ ਭੁੱਲ ਜਾਈਏ। ਆਓ ਇਸ ਦੇਹ ਨੂੰ ਉਸਾਰੀਏ ਤਾਂ ਕਿ ਇਹ ਵਿਗਿਆਨੀ ਦਾ ਮੁਕਾਬਲਾ ਕਰ ਸਕੇ”। ਇਹ ਹੈ ਉਹ!

103 ਕੀ ਗੱਲ ਹੈ ਕਿ ਅੱਜ ਕਲ ਲੋਕ ਉਦਾਂ ਨਹੀਂ ਰਹਿੰਦੇ ਜਿਦਾਂ ਪਹਿਲਾਂ ਰਹਿੰਦੇ ਹੁੰਦੇ ਸੀ। ਸਾਨੂੰ *ਇਹਦੇ* ਲਈ *ਉਹਦੇ* ਲਈ ਟੀਕੇ ਲਵਾਉਣੇ ਪੈਂਦੇ ਹਨ। ਅਤੇ ਸਾਨੂੰ ਹਰ ਕਿਸਮ ਦੀਆਂ ਦਵਾਈਆਂ ਨਾਲ ਛਿੜਕਾਓ ਕਰਨਾ ਪੈਂਦਾ ਹੈ। ਇਹਦੇ ਨਾਲ ਕੀ ਹੁੰਦਾ ਹੈ। ਇਹ ਸਾਨੂੰ ਨਰਮ, ਮੋਟੇ ਅਤੇ ਕਮਜੋਰ ਅਤੇ ਕਾਸੇ ਯੋਗ ਨਹੀਂ ਰਹਿਣ ਦਿੰਦਾ। ਜਦੋਂ ਬਹੁਤ ਸਮਾਂ ਪਹਿਲਾਂ ਦੇ ਲੋਕ...ਕਿਉਂ, ਅੱਜ ਸਾਨੂੰ ਸਭ ਚੀਜਾਂ ਨਹੀਂ ਸਿਖਾਉਂਦੀਆ। ਹੁਣ ਉਹਨਾਂ ਨੂੰ ਬੁਰੀਆਂ ਬੁਰੀਆਂ ਅਲਾਮਤਾਂ ਅਤੇ ਸਭ ਚੀਜਾਂ ਲੱਗੀਆਂ ਹੋਈਆਂ ਹਨ।

104 ਮੈਂ ਅਫਰੀਕਾ ਵਿੱਚ ਖੜ੍ਹੇ ਹੋ ਕੇ ਵੇਖਿਆ ਹੈ, ਅਤੇ ਮਲੇਰੀਏ ਦਾ ਟੀਕਾ ਨਹੀਂ ਲਵਾ ਸਕਿਆ। ਪਰ ਮਲੇਰੀਏ ਦਾ ਮੱਛਰ ਮੇਰੇ ਹੱਥ ਤੇ ਬਹਿ ਜਾਵੇ, ਤਾਂ ਮੈਨੂੰ ਮਲੇਰੀਆ ਹੋ ਜਾਵੇਗਾ। ਉਹ ਘੂੰ ਘੂੰ ਨਹੀਂ ਕਰਦੇ, ਤੁਹਾਨੂੰ ਪਤਾ ਤਕ ਨਹੀਂ ਲੱਗਦਾ। ਉਹ ਬਹਿੰਦੇ ਹਨ, ਆਣ ਕੇ ਬਹਿੰਦੇ ਹਨ, ਇਹੋ ਹੀ ਹੈ, ਤੁਹਾਨੂੰ ਮਲੇਰੀਆ ਹੋ ਗਿਆ। ਜੇ ਤੁਸੀਂ ਜਿਉਂਦੇ ਰਹੋ, ਤਾਂ ਤੁਹਾਨੂੰ ਪੰਦਰਾਂ ਸਾਲ ਤਕ ਮਲੇਰੀਆ ਰਹੇਗਾ। ਅਤੇ ਤਦ ਤੁਸੀਂ ਕਦੇ ਕਦੇ ਇਸ ਨਾਲ ਮਰ ਵੀ ਜਾਂਦੇ ਹੋ। ਅਤੇ ਉੱਥੋਂ ਦੇ ਵਾਸੀ ਆਪਣੀਆਂ ਛੋਟੀਆਂ ਝੁੱਗੀਆਂ ਵਿੱਚ ਨੰਗ ਬੈਠੇ ਸਨ। ਤੇ ਮੱਛਰ ਉਹਨਾਂ ਦੀਆਂ ਲੱਤਾਂ ਉੱਤੇ ਬੈਠੇ ਸਨ। ਮੱਛਰ ਉਹਨਾਂ ਨੂੰ ਚਿੰਬੜੇ ਹੋਏ, ਮਲੇਰੀਏ ਦੇ ਮੱਛਰ, ਤੇ ਇਹਦੇ ਨਾਲ ਉਹਨਾਂ ਨੂੰ ਕੋਈ ਪਰੇਸ਼ਾਨੀ ਨਹੀਂ ਸੀ। ਕਿਉਂ? ਉਹਨਾਂ ਦੇ ਕੋਲ ਮਲੇਰੀਏ ਦੀ ਵਿਰੋਧਤਾ ਦੀ ਯੋਗਤਾ ਬਣੀ ਹੋਈ ਸੀ। ਉਹਨਾਂ ਦੇ ਕੋਲ ਪਰਮੇਸ਼ਵਰ ਦੀ ਵੱਲੋਂ ਦਿੱਤੇ ਹੋਏ ਟੀਕਾ ਸੀ।

105 ਅਤੇ ਇਹੋ ਹੀ ਗੱਲ ਅੱਜ ਲੋਕਾਂ ਦੇ ਨਾਲ ਹੈ। ਇਹੋ ਹੀ ਗੱਲ ਅੱਜ ਕਲੀਸੀਆ ਦੇ ਨਾਲ ਹੈ। ਅੱਜ ਸਾਨੂੰ ਇਨੇ ਕੁ ਦੇਖ ਰੇਖ ਦੇ ਟੀਕੇ ਲੱਗੇ ਹਨ ਤੇ ਸਾਡੇ ਕਲ ਮਨੁੱਖ ਦੇ ਘੜੇ ਹੋਏ ਸਿਧਾਂਤ ਹਨ, ਜਦ ਤਕ ਕਿ ਸਾਡੇ ਤੇ ਛਿੜਕਾਓ ਹੀ ਨਹੀਂ ਹੋ ਗਿਆ। ਅੱਜ ਸਾਨੂੰ ਕੀ ਲੋੜ ਹੈ ਕੀ ਪ੍ਰਭੂ ਪਰਮੇਸ਼ਵਰ ਦੇ ਵਚਨ ਦੇ ਟੀਕੇ ਲੱਗਣ। ਮਨੁੱਖ ਹਰ ਰੋਜ ਉਸ ਕਿਸਮ ਦੇ ਭੋਜਨ ਨਾਲ ਜਿਉਂਦਾ ਰਹੇਗਾ

ਤਾਂ ਕਿ ਆਪਣੀ ਆਤਮਾ ਦੀ ਉਸਾਰੀ ਉਸ ਟਿਕਾਕਰਨ ਵਿੱਚ ਕਰ ਲਵੇ ਜਿਹਦੇ ਨਾਲ ਉਹਦਾ ਬਚਾ ਉਹਨਾਂ ਆਤਮਕ ਬਿਮਾਰੀਆਂ ਤੋਂ ਹੋ ਸਕੇ ਜੋ ਕਿ ਦੇਸ਼ ਦੇ ਚੁਗਿਰਦ ਫੈਲ ਰਹੀਆਂ ਤੇ ਉੱਛਲ ਰਹੀਆਂ ਹਨ। ਇਸ ਵਿਸ਼ੇ ਤੇ ਮੇਰੇ ਕੋਲ ਬਹੁਤ ਪਰਚੇ ਹਨ, ਪਰ ਮੈਨੂੰ ਇਸ ਨੂੰ ਖਤਮ ਕਰਨ ਪੈਂਣਾ ਹੈ।

106 ਹੁਣ, ਉਸਾਰੀ ਕਰੋ, ਹੁਣ ਟੀਕੇ ਲਵਾਉਣ ਲਈ ਤਿਆਰ ਹੋ ਜਾਓ। ਹੁਣ ਅਸੀਂ ਇਹਦੇ ਦੁਆਰਾ ਰਹਿੰਦੇ ਹਨ, ਸਾਡੇ—ਸਾਡੇ ਸ਼ਰੀਰ ਵਿੱਚ ਇਹਦਾ ਹੋਣਾ ਜਰੂਰੀ ਹੈ। ਅਤੇ, ਜੇ ਸਾਨੂੰ ਟੀਕੇ ਨਹੀਂ ਲੱਗੇ, ਤਦ ਅਸੀਂ ਹਰ ਕਿਸਮ ਦੀ ਬਿਮਾਰੀ ਦੇ ਅਧੀਨ ਹਾਂ। ਅਤੇ ਪਰਮੇਸ਼ਵਰ ਦੇ ਵਚਨ ਜਿਵੇਂ ਕਿ ਅਸੀਂ ਇਹਦੇ ਤੇ ਨਿਹਚਾ ਕਰਦੇ ਹਾਂ ਤੇ ਇਹਨੂੰ ਪ੍ਰਭੂ ਭੋਜ ਦੁਆਰਾ ਸਵੀਕਾਰ ਕਰਦੇ ਹਾਂ, "ਪ੍ਰਭੂ, ਤੇਰਾ ਵਚਨ ਸੱਚਾ ਹੈ"।

107 "ਮੇਰੀ ਕਲੀਸੀਆ ਤਾਂ ਆਖਦੀ ਹੈ ਕਿ ਤੁਹਾਨੂੰ ਨਵਾਂ ਜਨਮ ਲੈਣ ਦੀ ਜਰੂਰਤ ਨਹੀਂ ਹੈ। ਉਹ ਆਖਦੇ ਹਨ, 'ਹੱਥ ਮਿਲਾਉਣਾ ਹੀ ਨਵਾਂ ਜਨਮ ਹੈ'। ਉਹ ਆਖਦੇ ਹਨ, 'ਛਿੱਟਾ ਮਾਰਨਾ', ਉਹ ਹੋਰ ਸਭ ਗੱਲਾਂ ਆਖਦੇ ਹਨ, 'ਇਹ ਉਹ ਹੈ, ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'"। ਪਰ ਬਾਈਬਲ ਨੇ ਆਖਿਆ ਹੈ ਕਿ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਲਓ। ਵੇਖਿਆ ਜੇ? ਹੁਣ, ਤੁਸੀਂ ਉਹਨਾਂ ਬਨਾਉਟੀ ਟਿਕਿਆਂ ਨਾਲ ਅਗਾਂਹ ਵੱਧੋ ਜੇ ਤੁਸੀਂ ਵਧਣਾ ਚਾਹੁੰਦੇ ਹੋ, ਤੇ ਤੁਸੀਂ ਆਪਣੇ ਆਪ ਨੂੰ ਬਨਾਉਟੀ ਮਸੀਹੀ ਬਣਾਉਗੇ। ਵੇਖਿਆ ਜੇ? ਤੁਸੀਂ ਇਹ ਨਹੀਂ ਚਾਹੁੰਦੇ।

108 ਤੁਸੀਂ ਸਿਰਫ਼ ਮਸੀਹ ਦੇ ਦੁਆਰਾ ਹੀ ਜਿਉਂਦੇ ਰਹਿ ਸਕਦੇ ਹੋ। ਅਤੇ ਹੁਣ ਉਹਦਾ ਵਚਨ ਕੀ ਕਰਦਾ ਹੈ? ਉਹ ਸਾਡੀ ਆਤਮਿਕ ਦੇਹ ਨੂੰ ਮਜਬੂਤ ਬਣਾਉਂਦਾ ਹੈ ਜਿਵੇਂ ਉਹਦੇ ਨਾਲ ਸੰਗਤ ਕਰਦੇ ਹਾਂ, ਤਾਂ ਕਿ ਸ਼ੈਤਾਨ ਦਾ ਮੁਕਾਬਲਾ ਕਰਨ ਲਈ।

109 ਤੁਸੀਂ ਆਖਦੇ ਹੋ, "ਭਾਈ ਬ੍ਰਾਨਹਾਮ, ਇਹ ਤੁਸੀਂ ਕੀ ਆਖਦੇ ਹੋ, 'ਉਹਦੇ ਵਚਨ ਵਿੱਚ ਸੰਗਤ ਕਰਨਾ'?"

110 ਹਾਂ ਜੀ, ਉਹ ਵਚਨ ਹੈ, "ਆਦਿ ਵਿੱਚ ਸ਼ਬਦ ਸੀ, ਅਤੇ ਸ਼ਬਦ ਪਰਮੇਸ਼ਵਰ ਦੇ ਸੰਗ ਸੀ, ਅਤੇ ਸ਼ਬਦ ਪਰਮੇਸ਼ਵਰ ਸੀ। ਅਤੇ ਸ਼ਬਦ ਦੇਹਧਾਰੀ ਹੋਇਆ ਅਤੇ ਸਾਡੇ ਵਿੱਚ ਵਾਸ ਕੀਤਾ"। ਅਤੇ ਅਸੀਂ ਉਹਦੀ ਦੇਹ ਨੂੰ ਖਾਣਾ ਹੈ। ਤਦ ਉਹਦਾ ਬਦਨ ਉਹਦਾ ਵਚਨ ਹੈ ਕਿਉਂਕਿ ਉਹ ਵਚਨ ਹੈ। ਅਤੇ ਉਹਨੇ ਸੰਤ ਯੂਹੰਨਾ ਉਹਦੇ 15 ਅਧਿਆਏ ਵਿੱਚ ਆਖਿਆ, "ਜੇ ਤੁਸੀਂ ਮੇਰੇ ਵਿੱਚ ਰਹੋ, ਮੇਰੀ ਸੰਗਤ, ਮੇਰਾ ਵਚਨ ਤੁਹਾਡੇ ਵਿੱਚ ਰਹੇ। ਤਦ ਤੁਸੀਂ ਜੋ ਕੁਝ ਵੀ ਮੰਗੋ, ਤਾਂ

ਉਹ ਤੁਹਾਡੇ ਲਈ ਹੋ ਜਾਵੇਗਾ"। ਇਹ ਹੋਈ ਨਾ ਗੱਲ। ਇਹ ਸੱਚ ਹੈ। ਵੇਖੋ, ਜੋ ਵੀ ਤੁਸੀਂ ਮੰਗੋਗੇ!

111 ਤੁਸੀਂ ਕੀ ਕਰਦੇ ਹੋ? ਤੁਸੀਂ ਆਪਣੀ ਦੇਹ ਨੂੰ ਬਿਮਾਰੀ ਤੋਂ ਬਚਾਉਣ ਲਈ ਉਸਾਰ ਰਹੇ ਹੋ...ਕਿਸੇ ਨੇ ਆ ਕੇ ਆਖਿਆ, "ਸਾਰੀ ਕਲੀਸੀਆ ਰੌਲਾ ਪਾਉਣ ਵਿੱਚ ਨਿਹਚਾ ਨਹੀਂ ਕਰਦੀ"। ਵੇਖਿਆ ਜੇ ਤੁਸੀਂ ਬਣ ਗਏ ਹੋ। ਕੀ? ਤੁਹਾਡੇ ਅੰਦਰ ਸੰਗਤ ਹੈ, ਜੋ ਕੀ ਵਚਨ ਹੈ। ਤੁਸੀਂ ਇਸ ਤੋਂ ਬੱਚੇ ਹੋਏ ਹੋ। ਜੇ ਕੋਈ ਬਕਵਾਸ ਆ ਜਾਵੇ, ਇਹ ਕੀ ਹੈ? ਇਹਦੇ ਵਿੱਚ ਕੋਈ ਵਚਨ ਨਹੀਂ ਹੈ। ਤਦ ਤੁਸੀਂ ਪੱਕੀ ਤਰ੍ਹਾਂ ਜਾਣਦੇ ਹੋ ਕਿ ਇਹ ਗਲਤ ਹੈ। ਮੈਨੂੰ ਇਹਦੀ ਪਰਵਾਹ ਨਹੀਂ ਕਿ ਕਿੰਨਾ ਇਹ ਸਚਾ ਜਾਪਦਾ ਹੈ। ਜੇ ਇਹ ਵਚਨ ਨਹੀਂ ਹੈ ਤਾਂ ਇਹਨੂੰ ਇਕੱਲਾ ਹੀ ਰਹਿਣ ਦਿਓ। ਠੀਕ ਇਹਨੂੰ ਇਕੱਲੇ ਹੀ ਛੱਡ ਦਿਓ। ਮੈਨੂੰ ਇਹਦੀ ਪਰਵਾਹ ਨਹੀਂ ਕਿ ਇਹ ਕੀ ਕਰਦਾ ਹੈ। ਇਹ ਵਚਨ ਦੇ ਨਾਲ ਮੇਲ ਖਾਣਾ ਚਾਹੀਦਾ ਹੈ!

112 ਦੁਆ ਵਿੱਚ, ਜਿਦਾਂ ਮੈਂ ਮਿਕਾਹ ਦਾ ਉੱਥੇ ਖਲੋਤੇ ਦਾ ਹਵਾਲਾ ਦੇ ਰਿਹਾ ਸੀ। ਵੇਖੋ, ਇਹ ਬਿਲਕੁਲ ਠੀਕ ਜਾਪਦਾ ਹੈ। ਜਦ ਉੱਥੇ ਇਸਰਾਈਲ ਸੀ ਅਤੇ ਭੂਮੀ ਦਾ ਉਹ ਹਿੱਸਾ ਉਹਨਾਂ ਦਾ ਸੀ। ਉਹ ਅਜਨਬੀ ਆਏ ਅਤੇ ਉਹਨਾਂ ਕੋਲੋਂ ਖੋ ਕੇ ਲੈ ਗਏ ਅਤੇ ਉਹਨਾਂ ਆਪਣੇ ਘਰ ਉੱਥੇ ਬਣਾ ਲਏ ਸਨ। ਅਤੇ ਉਹ ਲੋਕ ਉਸ ਭੂਮੀ ਵਿੱਚ ਵੱਸ ਗਏ ਸਨ ਜੋ ਪਰਮੇਸ਼ਵਰ ਨੇ ਉਹਨਾਂ ਨੂੰ ਦਿੱਤੀ ਸੀ। ਸੋ ਏਦਾਂ ਜਾਪਦਾ ਸੀ ਕਿ ਉਹ ਚਾਰ ਸੌ ਇਬਰਾਨੀ ਨਬੀ ਠੀਕ ਸਨ। ਪਰ, ਤੁਸੀਂ ਜਾਣਦੇ ਹੋ, ਯਹੋਫਾਟ ਕੁਝ ਆਤਮਿਕ ਸੀ, ਉਹਨੇ ਕਿਹਾ, "ਕੀ ਤੁਹਾਡੇ ਕੋਲ ਕੋਈ ਦੂਜਾ ਨਹੀਂ ਹੈ?"

113 ਆਖਿਆ, "ਇੱਕ ਹੋਰ ਵੀ ਹੈ ਪਰ," ਆਖਿਆ, "ਪਰ ਮੈਂ ਉਸਨੂੰ ਨਫ਼ਰਤ ਕਰਦਾ ਹਾਂ। ਸਿਰਫ਼ ਜਿਹੜੀ ਗੱਲ ਤੋਂ ਹੈ ਉਹ ਹੈ ਬੁਰੀ ਭਵਿੱਖਬਾਣੀ"।

ਕਿਹਾ, "ਜੋ ਉਹਨੂੰ ਵੀ ਲੈ ਆਓ ਅਤੇ ਉਹਦੀ ਵੀ ਸੁਣੀਏ"।

114 ਅਤੇ ਉਹ ਵੀ ਉੱਥੇ ਪਹੁੰਚਿਆ, ਉਹਨੇ ਕਿਹਾ, "ਚੜ੍ਹਾਈ ਕਰੋ, ਚੜ੍ਹਾਈ ਕਰੋ, ਪਰ ਮੈਂ ਇਸਰਾਏਲ ਨੂੰ ਬਿਨਾਂ ਚਰਵਾਹੇ ਦੇ ਬਿਖਰਿਆ ਹੋਇਆ ਵੇਖਿਆ ਹੈ," ਤਦ ਉਹਨੇ ਆਪਣਾ ਦਰਸ਼ਨ ਦੱਸਿਆ।

115 ਹੁਣ, ਕੌਣ ਠੀਕ ਹੈ? ਇਹ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਚਾਰ ਸੌ ਨਬੀ ਠੀਕ ਸਨ। ਚਾਰ ਸੌ ਚੰਗੇ ਸਿੱਖੇ ਹੋਏ ਮਨੁੱਖ, ਆਖ ਰਹੇ ਹਨ, "ਚੜ੍ਹਾਈ ਕਰ, ਪ੍ਰਭੂ ਤੇਰੇ ਸੰਗ ਹੈ"। ਅਤੇ ਇੱਥੋਂ ਤਕ ਕਿ ਸਿਦਕਿਆ ਦੇ—ਦੇ—ਦੇ—ਦੋ ਲੋਹੇ ਦੇ...ਸਿੰਗ ਵੀ ਬਣਾ ਲਏ ਸਨ। ਉਹਨੇ ਕਿਹਾ, "ਇਹਨਾਂ ਸਿੰਗਾਂ ਨਾਲ ਹੀ ਉਹਨਾਂ ਅਜਨਬੀਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢ ਦੇਵੇਂਗਾ"। ਉਹ ਪੱਕਾ ਜਾਣਦਾ ਸੀ

ਕਿ ਉਹ ਠੀਕ ਹੈ। ਉਹ ਜਾਣਦਾ ਸੀ ਕਿ ਉਹ ਠੀਕ ਹੈ। ਪਰ, ਤੁਸੀਂ ਵੇਖੋ, ਉਹ ਗਲਤ ਸੀ।

116 ਵੇਖੋ ਇੱਥੇ ਮਿਕਹ ਚਾਰ ਸੌ ਦੇ ਵਿਰੁੱਧ ਸੀ, ਅਤੇ ਉਹਨੇ ਕਿਹਾ, "ਜੇ ਤੂੰ ਚੜ੍ਹਾਈ ਕਰੇਂ, ਤਾਂ ਇਸਰਾਏਲ, ਬਿਨਾਂ ਚਰਵਾਹੇ ਦੇ ਖਿੰਡ ਜਾਵੇਗਾ"।

117 ਅਤੇ ਦੂਜਿਆਂ ਨੇ ਕਿਹਾ, "ਚੜ੍ਹਾਈ ਕਰ, ਪ੍ਰਭੂ ਤੇਰੇ ਨਾਲ ਹੈ!" ਹੁਣ, ਅਸੂਲ ਦੇ ਮੁਤਾਬਿਕ, ਉਹ ਠੀਕ ਸਨ, ਉਹ ਥਾਂ ਇਸਰਾਏਲ ਦੇ ਨਾਲ ਸੰਬੰਧਿਤ ਸੀ। ਪਰ ਪ੍ਰਭੂ ਦੇ ਵਚਨ ਨੇ ਅਹਾਬ ਨੂੰ ਦੋਸ਼ੀ ਠਹਿਰਾ ਦਿੱਤਾ, ਸੋ ਕਿਵੇਂ ਪਰਮੇਸ਼ਵਰ ਉਸਨੂੰ ਬਰਕਤ ਦੇ ਸਕਦਾ ਸੀ ਜਿਹਨੂੰ ਉਹਨੇ ਦੋਸ਼ੀ ਠਹਿਰਾਇਆ ਸੀ?

118 ਅੱਜ ਵੀ ਇਹ ਹੈ। ਵਖਿਆ ਜੇ? ਸੰਗਤ ਕਰਨ ਦਾ ਵਚਨ ਮਿਕਾਹ ਵਿੱਚ ਸੀ। ਹੁਣ ਜੇ ਤੁਸੀਂ ਸੱਚੀ ਪ੍ਰਭੂ ਭੋਜ ਲੈ ਕੇ ਪ੍ਰਭੂ ਦੇ ਨਾਲ ਗੱਲਬਾਤ ਕਰਦੇ ਹੋ ਅਤੇ ਤੁਹੜੇ ਵਿਚਲਾ ਆਤਮਾ ਇਸ ਵਚਨ ਨਾਲ ਰਜਾਮੰਦ ਨਹੀਂ ਹੈ ਤੁਸੀਂ ਪਰਮੇਸ਼ਵਰ ਨਾਲ ਸੰਗਤ ਨਹੀਂ ਕਰਦੇ ਹੋ ਤੁਸੀਂ ਤਾਂ ਸ਼ੈਤਾਨ ਨਾਲ ਸੰਗਤ ਕਰਦੇ ਹੋ। ਤੇ ਉਹ ਇੰਨੇ ਧੋਖੇਬਾਜ ਹਨ! ਬਾਈਬਲ ਨੇ ਆਖਿਆ, "ਅੰਤ ਦੇ ਦਿਨਾਂ ਵਿੱਚ ਜੇ ਹੋ ਸਕਿਆ ਤਾਂ ਉਹ ਚੁਣਿਆਂ ਹੋਇਆਂ ਨੂੰ ਵੀ ਗੁਮਰਾਹ ਕਰਨਗੇ। ਜਮੀਨ ਆਸਮਾਨ ਟਲ ਜਾਣਗੇ ਪਰ ਮੇਰੇ ਵਚਨ ਕਦੇ ਨਾ ਟਲਣਗੇ"। ਅਤੇ ਜਿਵੇਂ… ਗਲਾਤੀਆਂ 1:8 ਵਿੱਚ ਪੋਲੂਸ ਨੇ ਆਖਿਆ, "ਜੇ ਕੋਈ ਸਵਰਗਦੂਤ ਵੀ ਆ ਕੇ ਕੋਈ ਹੋਰ ਸੁਸਮਾਚਾਰ ਪਰਚਾਰੇ, ਜੋ ਤੁਸੀਂ ਪਹਿਲਾਂ ਹੀ ਸੁਣ ਚੁੱਕੇ ਹੋ, ਤਾਂ ਉਹ ਸ਼ਰਾਪਿਤ ਹੋਵੇ"। ਇੱਥੋਂ ਤਕ ਕਿ ਦੂਤ ਵੀ! ਪਹਿਲੀ ਦੀ ਕਲੀਸੀਆ ਵਿੱਚ, ਜਦੋਂ ਉਹ ਮਾਰਟਿਨ ਅਤੇ ਇਰੇਨਿਉਸ ਵਰਗੇ ਲੋਕ, ਉਹ ਧਰਮੀ ਮਨੁੱਖ, ਜਦੋਂ ਉਹਨਾਂ ਕੋਲ ਸ਼ੈਤਾਨ ਉਜਲੇ ਦੂਤ ਵਰਗਾ ਬਣ ਕੇ ਆਵੇਗਾ। ਪਰ, ਤੁਸੀਂ ਵੇਖੋ, ਉਹ ਤਾਂ ਵਚਨ ਤੋਂ ਥੋੜ੍ਹਾ ਦੂਰ ਹੋਵੇਗਾ।

119 ਉਹ ਹਵਾ ਦੇ ਸਾਹਮਣੇ ਰੋਸ਼ਨੀ ਦੇ ਫਰਿਸ਼ਤੇ ਵਾਂਗ ਪ੍ਰਗਟ ਹੋਇਆ, ਉਹਨੂੰ ਦੱਸਿਆ, "ਯਕੀਨਨ, ਪ੍ਰਭੂ ਨੇ *ਇਹ* ਆਖਿਆ, ਪ੍ਰਭੂ ਨੇ *ਇਹ* ਆਖਿਆ ਹੈ," ਪਰ ਉਹ ਅੰਤ ਵਿੱਚ ਪਰਮੇਸ਼ਵਰ ਦੇ ਨਾਲ ਰਾਜੀ ਨਹੀਂ ਹੋਇਆ। ਅਤੇ ਏਦਾਂ ਹੀ ਅੱਜ ਝੂਠਾ ਪ੍ਰਭੂ ਭੋਜ ਕਰਦਾ ਹੈ। ਜਦ ਲੋਕ ਸੋਚਦੇ ਹਨ ਕਿ ਉਹ ਪਰਮੇਸ਼ਵਰ ਦੇ ਅੱਗੇ ਪ੍ਰਾਰਥਨਾ ਕਰਦੇ ਹਨ, ਅਤੇ ਵਚਨ ਨਹੀਂ ਮੰਨਦੇ, ਤਾਂ ਇਹ ਝੂਠੀ ਸੰਗਤ ਹੈ।

120 "ਜੇ ਤੁਸੀਂ ਮੇਰੇ ਵਿੱਚ ਰਹੋ, ਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ, ਤਾਂ ਵੇਖੋ ਜੋ ਚਾਹੋ ਮੰਗੋ," ਸਮਝੋ, "ਉਹ ਤੁਹਾਡੇ ਲਈ ਹੋ ਜਾਵੇਗਾ"। ਹੁਣ ਇੱਕ ਵਾਰੀ ਤਾਂ ਇਹ ਪੂਰਾ ਹੋਵੇ ਤੇ ਦੂਜੀ ਵਾਰ ਨਾ ਹੋਵੇ। "ਜੇ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ"। ਇਹ ਹੈ, ਉੱਥੇ ਹੀ ਬਣੇ ਰਹੋ। *ਬਣੇ*

ਰਹਿਣ ਦਾ ਮਤਲਬ ਹੈ, "ਉੱਥੇ ਅਰਾਮ ਕਰੋ, ਉੱਥੇ ਹੀ ਟਿਕੇ ਰਹੋ"। ਹਾਂ ਜੀ, ਇਹ—ਇਹ ਪਾਪਾਂ ਨਾਲ ਭਰੀਆਂ ਬਿਮਾਰੀਆਂ ਤੋਂ ਬਚਾ ਲਈ ਟਿਕਾਕਰਣ ਹੈ।

121 ਹੁਣ, ਮੈਂ ਇਹ ਇੱਕ ਸ਼ਬਦ ਕਹਿ ਕੇ ਸਮਾਪਤ ਕਰਨ ਚਾਹੁੰਦਾ ਹਾਂ ਇਸ ਤੋਂ ਪਹਿਲਾਂ ਕਿ ਅਸੀਂ ਪ੍ਰਭੂ ਭੋਜ ਦੀ ਮੇਜ ਤੇ ਜਾਈਏ। ਖੂਨ ਤੇ ਪ੍ਰਭੂ ਦੀ ਦੇਹ ਨਿਹਚਾ ਨਾਲ ਮਿਲਾਈ ਗਈ ਹੈ। ਉਹ ਹੈ ਖੂਨ ਅਤੇ ਦੇਹ, ਉਹ ਆਤਮਾ ਅਤੇ ਵਚਨ, ਨਿਹਚਾ ਨਾਲ ਮਿਲਾਏ ਗਏ ਹਨ। ਸਦੀਪਕ ਜਿਊਣ ਦੇ ਸਮਾਨ ਹਨ। "ਉਹ ਜਿਹੜਾ ਮੇਰਾ ਮਾਸ ਖਾਂਦਾ ਅਤੇ ਮੇਰਾ ਲਹੂ ਪੀਂਦਾ ਹੈ ਉਹਦੇ ਕੋਲ ਸਦੀਪਕ ਜਿਊਣ ਹੈ ਅਤੇ ਮੈਂ ਉਹਨੂੰ ਅੰਤ ਦੇ ਦਿਨ ਤਕ ਉਠਾ ਖੜ੍ਹਾ ਕਰਾਂਗਾ"। ਇਹ ਹੋਈ ਨਾ ਗੱਲ। ਇਹ ਕੀ ਹੈ? ਪ੍ਰਭੂ ਦਾ ਭੋਜ। ਵਚਨ ਤੇ ਆਤਮਾ, ਇਹ ਜੀਵਨ ਦੇ ਲਹੂ ਦੇ ਵਿੱਚ ਹੈ, ਵਚਨ ਅਤੇ ਆਤਮਾ ਸਦੀਪਕ ਜੀਵਨ ਦੇ ਸਮਾਨ, ਪ੍ਰਭੂ ਦੇ ਵਿੱਚ ਨਿਹਚਾ ਦੇ ਦੁਆਰਾ ਹਨ।

122 ਇਹ ਮੇਰੀ ਦੁਆ ਹੈ ਕਿ ਜਿਵੇਂ ਮੈਂ ਅੰਤ ਨੂੰ ਨੇੜੇ ਆਉਂਦਾ ਵੇਖਦਾ ਹਾਂ। ਅਤੇ ਵੇਕਖੋਂ ਕਿਸੇ ਵੀ ਪਲ ਕੁਝ ਵੀ ਹੋ ਸਕਦਾ ਹੈ। ਅਤੇ ਜਾਣਦੇ ਹਾਂ ਕਿ ਅਸੀਂ ਪ੍ਰਭੂ ਦੀ ਆਮਦ ਤੋਂ ਦੂਰ ਨਹੀਂ ਹਾਂ। ਪ੍ਰਭੂ, ਤਦ ਪ੍ਰਭੂ ਯਿਸੂ ਪਰਮੇਸ਼ਵਰ ਦੇ ਪੁੱਤਰ ਦੇ ਨਾਂ ਵਿੱਚ। ਮੈਨੂੰ ਇਹ ਵਚਨ ਲੈਣ ਦੇ ਜੋ ਕਿ ਤਲਵਾਰ ਹੈ। ਮੇਰੀ ਨਿਹਚਾ ਨਾਲ ਮੈਂ ਇਹ ਘੁਮਾਵਾਂ। ਤੇ ਹਰੇਕ ਸ਼ੈਤਾਨ ਦੀ ਸ਼ਕਤੀ ਦੇ ਵਿੱਚੋਂ ਦੀ ਆਪਣਾ ਰਾਹ ਕੱਢਾਂ, ਜਦ ਕਿ ਮੈਂ ਯਿਸੂ ਨੂੰ ਨਾ ਵੇਖਾਂ, ਉਹਦੇ ਵਚਨ ਦੀ ਸੰਗਤ ਦੇ ਦੁਆਰਾ।

123 ਉਹਦੇ ਵਚਨ ਨਾਲ ਸੰਗਤ ਕਰਨਾ। "ਜੇ ਤੁਸੀਂ ਮੇਰੇ ਵਿੱਚ ਰਹੋ, ਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ ਤਾਂ ਜੋ ਚਾਹੋ ਮੰਗੋ ਤੁਹਾਡੇ ਲਈ ਹੋ ਜਾਵੇਗਾ"। ਕਿੰਨਾਂ ਸੁੰਦਰ ਹੈ! ਇੱਕ ਸੱਚੀ ਸੰਗਤ ਹੈ। ਵਚਨ ਦੇ ਆਤਮਾ ਦੇ ਨਾਲ਼ ਨਿਹਚਾ ਦੇ ਨਾਲ ਇਹਨਾਂ ਨੂੰ ਇਕੱਠੇ ਘੁਮਾਉਣ ਲਈ। "ਜੋ ਚਾਹੋ ਮੰਗੋ ਉਹ ਤੁਹਾਡੇ ਲਈ ਹੋ ਜਾਵੇਗਾ"। ਆਓ ਪ੍ਰਾਰਥਨਾ ਕਰੀਏ।

124 ਕਿਰਪਾਲੂ ਤੇ ਚੰਗੇ ਪਵਿੱਤਰ ਪਿਤਾ ਪਰਮੇਸ਼ਵਰ ਉਹ ਮਹਾਨ ਮੈਂ ਜੋ ਹਾਂ, ਅਬਰਾਹਾਮ ਦੇ ਲਈ ਏਲਸ਼ਦਾਈ। ਹੇ ਪਰਮੇਸ਼ਵਰ ਕਿਵੇਂ ਇਹ ਮਹਾਨ ਪ੍ਰਭੂ ਭੋਜ ਸਦੀਪਕ ਜੀਵਨ ਦੇ ਸਮਾਨ ਹੈ। ਅਤੇ ਕਿਵੇਂ ਇਹ ਘੁਮੰਡ ਤੋਂ ਬਚਾਉਂਦਾ ਹੈ। ਕਿਵੇਂ ਇਹ ਬੇਪਰਤੀਤੀ ਤੋਂ ਬਚਾਉਂਦਾ ਹੈ। ਕਿਵੇਂ ਇਹ ਸੰਸਾਰ ਦੇ ਪਾਪ ਤੋਂ ਬਚਾਉਂਦਾ ਹੈ। ਇਹ ਤਾਂ ਰੱਬੀ ਪਿਆਰ ਨਾਲ ਸਾਡੇ ਸੁਰਗੀ ਪਿਤਾ ਦੇ ਨਾਲ ਸੰਗਤ ਹੈ। ਅਤੇ ਯਿਸੂ ਮਸੀਹ ਦੀ ਧਰਮਿਕਤਾ ਦੇ ਦੁਆਰਾ। ਅਸੀਂ ਇਸ ਮੇਜ ਤੇ ਪਹੁੰਚਦੇ ਹਾਂ। ਅਤੇ ਪ੍ਰਭੂ ਅਸੀਂ ਬੇਨਤੀ ਕਰਦੇ ਹਾਂ ਕਿ ਤੂੰ ਅੱਜ ਰਾਤ ਸਾਨੂੰ ਸਭਨਾਂ ਨੂੰ ਆਤਮਾ ਦੇ ਵਿੱਚ ਜਾਣ ਲਈ ਬਖਸ਼ੇਗਾ। ਸਾਨੂੰ ਖਿਮਾ ਕਰ। ਅਤੇ

ਅਸੀਂ ਚਾਹੁੰਦੇ ਹਾਂ ਕਿ ਸਾਡੇ ਆਤਮਿਕ ਬਦਨ ਵਧਣ ਫੁੱਲਣ। ਅਸੀਂ ਕਿਸੇ ਗਿਰਜੇ ਜਾਂ ਕਿਸੇ ਫਿਰਕੇ ਵਿੱਚ ਸ਼ਾਮਲ ਹੋਣ ਦੇ ਬਾਰੇ ਪਰਵਾਹ ਨਹੀਂ ਕਰਦੇ। ਅਸੀਂ ਆਤਮਿਕ ਦੇਹ ਦੀ ਉਸਾਰੀ ਕਰਨਾ ਚਾਹੁੰਦੇ ਹਾਂ ਕਿ ਪਾਪ ਤੋਂ ਬਚੇ ਰਹੀਏ। ਉਹ ਥਾਂ ਤੇ ਅੱਪੜ ਜਾਈਏ ਜਿੱਥੇ ਮਾੜੇ ਕੰਮ ਕਰਨ ਲਈ ਕੋਈ ਥਾਂ ਹੀ ਨਹੀਂ ਹੈ। ਜਿੱਥੇ ਕਿ ਪਵਿੱਤਰ ਆਤਮਾ ਆਪਣੇ ਵਚਨ ਨੂੰ ਲੈ ਕੇ ਤੇ ਸਾਡੇ ਦਰਮਿਆਨ ਉਦਾਂ ਹੀ ਤਾਜਾ ਬੋਲੇ ਜਿਦਾਂ ਉਸ ਦਿਨ ਬੋਲਿਆ ਗਿਆ ਸੀ। ਕਿਉਂਕਿ ਇਹ ਉਹੋ ਹੀ ਆਤਮਾ ਹੈ, ਜੋ ਕਿ ਪ੍ਰਭੂ ਯਿਸੂ ਵਿੱਚ ਸੀ। ਮੈਂ ਦੁਆ ਕਰਦਾ ਹਾਂ ਕਿ ਪਿਤਾ, ਤੂੰ ਸਾਨੂੰ ਉਹ ਦੇਵੇਂਗਾ।

125 ਘੜੀਆਂ ਨੇੜੇ ਆ ਰਹੀਆਂ ਹਨ। ਕਦੋਂ ਅਸੀਂ ਇਹ ਨਹੀਂ ਜਾਣਦੇ ਕਿ ਆਖੀਰਲਾ ਜਨ ਨਜਾਤ ਪਾਵੇਗਾ। ਪਰ ਪ੍ਰਭੂ ਮੈਂ ਅੱਜ ਰਾਤ ਪ੍ਰਾਰਥਨਾ ਕਰਦਾ ਹਾਂ, ਜੇ ਇੱਥੇ ਕੋਈ ਹਨ ਜੋ ਤੈਨੂੰ ਆਪਣਾ ਮੁਕਤੀਦਾਤਾ ਕਰਕੇ ਨਹੀਂ ਜਾਣਦੇ। ਕਾਸ਼ ਕਿ ਉਹ ਤੈਨੂੰ ਲੱਭ ਸਕਣ ਜਦ ਕਿ ਉਹ ਅੱਜ ਰਾਤ ਇਸ ਬਪਤੀਸਮੇ ਦੇ ਪਾਣੀ ਕੋਲ ਆਉਂਦੇ ਹਨ। ਇੱਕ ਯਾਦਗਰ ਦੇ ਤੌਰ ਤੇ, ਇਹਨਾਂ ਨਿਹਚਵਾਨਾਂ ਦੀ ਦੇਹ ਦੇ ਸਾਹਮਣੇ ਮੰਨਣ ਕਿ ਉਹ ਯਿਸੂ ਨਾਸਰੀ ਜੋ ਕਿ ਕੁੰਵਾਰੀ ਮਰਿਯਮ ਤੋਂ ਪੈਦਾ ਹੋਇਆ ਉਹਦੀ ਕਹਾਣੀ ਨੂੰ ਮੰਨਦੇ ਹਨ। ਅਤੇ ਮਾਰਿਆ ਗਿਆ, ਤੇ ਪੰਤਿਉਸ ਪਿਲਾਤੁਸ ਦੇ ਰਾਹੀਂ ਸਲੀਬ ਦਿੱਤਾ ਗਿਆ। ਅਤੇ ਤੀਜੇ ਦਿਨ ਪਰਮੇਸ਼ਵਰ ਦੇ ਦੁਆਰਾ ਉਠਾ ਖੜਾ ਕੀਤਾ। ਅਤੇ ਪਰਮਪ੍ਰਧਾਨ ਦੇ ਸੱਜੇ ਹੱਥ ਅੱਜ ਰਾਤ ਬੈਠਾ ਹੋਇਆ ਹੈ ਤੇ ਵਿਚੋਲਗੀ ਕਰਨ ਵਿੱਚ ਸਦਾ ਜਿਉਂਦਾ ਹੈ।

126 ਪ੍ਰਭੂ, ਇਹ ਬਖਸ਼ ਦੇ। ਉਹ ਵਿਅਕਤੀ ਪਵਿੱਤਰ ਸ਼ਾਸਤਰ ਦੇ ਹੁਕਮਾਂ ਦੀ ਪਾਲਣਾ ਕਰਨ। "ਤੋਬਾ ਕਰੋ, ਤੇ ਤੁਹਾਡੇ ਵਿੱਚੋਂ ਹਰੇਕ, ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਲਵੇ, ਕਿਉ ਕਿ ਮਨੁੱਖਾਂ ਵਿੱਚ ਆਕਾਸ਼ ਦੇ ਥੱਲੇ ਦੂਜਾ ਕੋਈ ਨਾਮ ਨਹੀਂ ਦਿੱਤਾ ਗਿਆ। ਜਿਹਦੇ ਰਾਹੀਂ ਤੁਸੀਂ ਬਚਾਏ ਜਾਣਾ ਹੈ"। ਹੇ ਪਰਮੇਸ਼ਵਰ ਲੋਕ ਇਸ ਗੱਲ ਦੀ ਵਫ਼ਾਦਾਰੀ ਅਤੇ ਪੱਕੇ ਵਚਨ ਨੂੰ ਵੇਖ ਸਕਣ। "ਕਿਉ ਕਿ ਮਨੁੱਖਾਂ ਵਿੱਚ ਆਕਾਸ਼ ਦੇ ਥੱਲੇ ਦੂਜਾ ਕੋਈ ਨਾਮ ਨਹੀਂ ਦਿੱਤਾ ਗਿਆ। ਜਿਹਦੇ ਰਾਹੀਂ ਤੁਸੀਂ ਬਚਾਏ ਜਾਣਾ ਹੈ, ਸਿਰਫ਼ ਯਿਸੂ ਮਸੀਹ ਦੇ ਨਾਮ ਵਿੱਚ"। ਇਸ ਲਈ, ਰਸੂਲ ਨੇ ਆਖਿਆ, "ਤੋਬਾ ਕਰੋ ਤੇ ਤੁਹਾਡੇ ਵਿੱਚੋਂ ਹਰੇਕ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਲਵੇ, ਤਾਂ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਓਗੇ। ਕਿਉਂਕਿ ਵਾਇਦਾ ਹਰ ਯੁੱਗ ਦੇ ਲਈ ਹੈ ਜਿੰਨ੍ਹਿਆ ਨੂੰ ਵੀ ਪ੍ਰਭੂ ਪਰਮੇਸ਼ਵਰ ਬੁਲਾਏਗਾ"। ਪ੍ਰਭੂ, ਬਖਸ਼ ਦੇ, ਕਿ ਅੱਜ ਰਾਤ ਬਹੁਤ ਸਾਰੇ ਬੁਲਾਏ ਜਾਣ।

127 ਅਤੇ ਸਾਡੇ ਪ੍ਰਭੂ ਦੇ ਦੁਆਰਾ ਇਹ ਆਖਿਆ ਗਿਆ ਹੈ, "ਮੇਰੇ ਕੋਲ ਕੋਈ ਨਹੀਂ ਆ ਸਕਦਾ, ਜਦ ਤਕ ਕਿ ਮੇਰਾ ਪਿਤਾ ਉਹਨੂੰ ਨਾ ਖਿੱਚੇ। ਅਤੇ ਜਿੰਨਿਆਂ ਨੂੰ ਵੀ ਪਿਤਾ ਨੇ ਮੈਨੂੰ ਦਿੱਤਾ ਹੈ ਉਹ ਮੇਰੇ ਕੋਲ ਆਉਣਗੇ। ਮੇਰੀਆਂ ਭੇਡਾਂ ਮੇਰੀ ਅਵਾਜ ਨੂੰ ਸੁਣਦੀਆਂ ਹਨ"। ਅਜਨਬੀ ਤੇ ਜੇ ਓਪਰਾ ਬੋਲੇ ਉਹ ਅਵਾਜ ਜਿਹੜੀ ਲਿਖਤਾਂ ਦੇ ਅਨੁਸਾਰ ਨਹੀਂ ਹੈ, ਝਬਦੇ ਹੀ ਭੇਡ ਨੂੰ ਉਹ ਪਹਿਚਾਣ ਲਵੇਗੀ। ਹੇ ਪਰਮੇਸ਼ਵਰ! ਜੇ ਬਾਈਬਲ ਤੇਰੀ ਆਵਾਜ ਹੈ ਤਾਂ ਜੋ ਕੁਝ ਵੀ ਉਹ ਆਖਦੀ ਹੈ ਹਰੇਕ ਭੇਡ ਇਸ ਅਵਾਜ ਨੂੰ ਸੁਣੇਗੀ। ਕਿਉਂਕਿ ਇਹ ਭੇਡ ਦਾ ਖਾਣਾ ਹੈ। ਉਹਨਾਂ ਨੇ ਗੱਲਬਾਤ ਕੀਤੀ ਹੈ। ਉਹ ਜਾਣਦਾ ਹੈ ਕਿ ਪਿਤਾ ਕਿਹੋ ਜਿਹਾ ਖਾਣਾ ਖਵਾਉਂਦਾ ਹੈ। "ਮਨੁੱਖ ਕੇਵਲ ਰੋਟੀ ਨਾਲ ਹੀ ਨਹੀਂ ਜਿਉਂਦਾ ਰਹੇਗਾ ਪਰ ਹਰੇਕ ਵਚਨ ਨਾਲ ਜਿਹੜਾ ਪਰਮੇਸ਼ਵਰ ਦੇ ਮੂੰਹੋਂ ਨਿਕਲਦਾ ਹੈ"। ਪ੍ਰਭੂ, ਬਖਸ਼ ਦੇ, ਕਿ ਬਹੁਤ ਸਾਰੇ ਇਸਨੂੰ ਵੇਖਣ ਤੇ ਸਮਝਣ ਅਤੇ ਅੱਜ ਰਾਤ ਤੇਰੇ ਕੋਲ ਆਉਣ।

128 ਜਿਹਨਾਂ ਨੇ ਪਵਿੱਤਰ ਆਤਮਾ ਨਹੀਂ ਪਾਇਆ ਕਾਸ਼ ਕਿ ਉਹ ਹੋਰ ਨਾ ਉਡੀਕਣ। ਦੂਜੇ ਕਿਸੇ ਸਮੇਂ ਬਹੁਤ ਦੇਰੀ ਹੋ ਚੁੱਕੀ ਹੋਵੇਗੀ ਉਹ ਇੱਥੇ ਨਹੀਂ ਹੋ ਸਕਦੇ।

129 ਅਤੇ, ਪਿਤਾ ਜਿਦਾਂ ਕਿ ਅਸੀਨਹੁੰ ਮੇਜ ਦੇ ਦੁਆਲੇ ਇਕੱਠੇ ਹੋਏ ਹਾਂ ਤਾਂ ਕਿ ਤੇਰੇ ਟੁੱਟੇ ਹੋਏ ਬਦਨ ਦੀ ਪ੍ਰਤੀਨਿੱਧਤਾ ਨੂੰ ਲੈ ਸਕੀਏ। ਅਸੀਂ ਬੇਨਤੀ ਕਰਦੇ ਹਾਂ ਕਿ ਪ੍ਰਭੂ ਜੇ ਸਾਡੇ ਦਰਮਿਆਨ ਕੋਈ ਪਾਪ ਹੈ ਤਾਂ ਮਾਫ ਕਰ। ਤੂੰ ਆਖਿਆ ਹੈ, "ਜਦ ਤੁਸੀਂ ਇਕੱਠੇ ਹੋਵੋ ਤਾਂ ਇੱਕ ਦੂਜੇ ਦੀ ਉਡੀਕ ਕਰੋ"। ਪ੍ਰਭੂ ਜੇ ਇਸ ਸਭਾ ਵਿੱਚ ਕਿਤੇ ਪਾਪ ਹੈ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਯਿਸੂ ਦਾ ਲਹੂ ਉਸ ਮਨੁੱਖ ਨੂੰ ਉਹਦੇ ਪਾਪ ਤੋਂ ਜੁਦਾ ਕਰੇ, ਉਸ ਔਰਤ ਜਾਂ ਕੁੜੀ ਜਾਂ ਮੁੰਡੇ ਨੂੰ ਅਲੱਗ ਕਰੇ। ਅਤੇ, ਪਿਤਾ, ਮੈਂ ਆਪਣੇ ਲਈ ਵੀ ਪ੍ਰਾਰਥਨਾ ਕਰਦਾ ਹਾਂ, ਕਿ ਤੂੰ ਮੈਨੂੰ ਹਰੇਕ ਸ਼ੱਕ, ਪਾਪ, ਬੇਪਰਤੀਤੀ ਤੋਂ ਜਾਂ ਹਰੇਕ ਚੀਜ ਤੋਂ ਜੁਦਾ ਕਰੇਂਗਾ... ਅਸੀਂ ਜਾਣਦਾ ਹਾਂ ਕਿ ਬੇਪਰਤੀਤੀ ਪਾਪ ਹੈ। ਇਹੋ ਹੀ ਇੱਕ ਪਾਪ ਹੈ। "ਤੇ ਉਹ ਜਿਹੜਾ ਵਿਸ਼ਵਾਸ ਨਹੀਂ ਕਰਦਾ, ਉਹ ਪਹਿਲਾਂ ਹੀ ਦੋਸ਼ੀ ਠਹਿਰਾਇਆ ਗਿਆ ਹੈ"। ਕੇਵਲ ਇੱਕੋ ਇੱਕ ਪਾਪ ਹੈ ਤੇ ਉਹ ਹੈ ਵਚਨ ਦੀ ਬੇਪਰਤੀਤੀ। ਅਤੇ ਪਿਤਾ ਜੇ ਮੇਰੇ ਵਿੱਚ ਕੋਈ ਬੇਪਰਤੀਤੀ ਹੈ ਤਾਂ ਹੇ ਪਿਤਾ ਮੈਨੂੰ ਮਾਫ ਕਰ। ਜੋ ਕਿ ਬਹੁਤ ਹੈ, ਅਤੇ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਮੈਨੂੰ ਮਾਫ ਕਰ। ਮੇਰੀ ਜਮਾਤ ਨੂੰ ਮਾਫ ਕਰ ਜੋ ਤੂੰ ਅੱਜ ਰਾਤ ਮੈਨੂੰ ਬਖਸਸ਼ੀ ਹੈ। ਤੇ ਉਹਨਾਂ ਨੂੰ ਵਚਨ ਤੋਂ ਖੁਆ, ਇਹ ਬਖਸ਼ ਦੇ।

130 ਅਤੇ ਜਿਦਾਂ ਕਿ ਅਸੀਂ ਇਹਦੇ ਤੋੜੇ ਗਏ ਬਦਨ ਦੀ ਇਹ ਛੋਟੀਆਂ

ਯਾਦਗਾਰਾਂ ਨੂੰ ਲੈਂਦੇ ਹਾਂ ਜੋ ਕਿ ਮੁਰਦਿਆਂ ਵਿੱਚੋਂ ਜੀ ਉੱਠਿਆ ਤੇ ਸਾਡੇ ਦਰਮਿਆਨ ਸਦਾ ਹੀ ਜਿਉਂਦਾ ਹੈ। ਕਾਸ਼ ਕਿ ਅਸੀਂ ਉਹਦੇ ਕੋਲੋਂ ਭੋਜ ਪ੍ਰਾਪਤ ਕਰੀਏ, ਪ੍ਰਭੂ, ਪਵਿੱਤਰ ਆਤਮਾ ਦਾ ਭੋਜ। ਪਿਤਾ ਇਹ ਬਖਸ਼ ਦੇ ਅਸੀਂ ਇਹ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ।

131 ਹੁਣ ਤੁਹਾਡੇ ਲਈ ਇਹਨਾਂ ਨੇ ਜਾਣਾ ਹੈ, ਅਤੇ ਪੰਦਰਾਂ ਮਿੰਟਾਂ ਦੀ ਪ੍ਰਭੂ ਭੋਜ ਦੇ ਲਈ ਨਹੀਂ ਰੁਕ ਸਕਦੇ। ਸਾਡੇ ਵਿੱਚੋਂ ਬਹੁਤ ਸਾਰੇ ਨਹੀਂ ਹਨ। ਅਸੀਂ ਪ੍ਰਭੂ ਭੋਜ ਲਵਾਂਗੇ...ਇਹ ਬੰਦ ਪ੍ਰਭੂ ਭੋਜ ਨਹੀਂ ਹੈ। ਇਹ ਤਾਂ ਹਰੇਕ ਮਸੀਹੀ ਨਿਹਚਾਵਾਨ ਦੇ ਲਈ ਹੈ। ਪਰਮੇਸ਼ਵਰ ਨੇ ਤਾਂ ਕੋਈ ਬੈਪਟਿਸਟ ਜਾਂ ਮੇਥੋਡਿਸਟ ਅਤੇ ਵਗੈਰਾ ਵਗੈਰਾ ਦੇ ਵਿਚਾਲੇ ਕੋਈ ਲੀਕ ਨਹੀਂ ਮਾਰੀ ਹੈ। ਸਾਨੂੰ ਸਭਨਾਂ ਨੂੰ ਇੱਕੋ ਹੀ ਆਤਮਾ ਦੇ ਦੁਆਰਾ ਇੱਕ ਦੇਹ ਵਿੱਚ ਬਪਤੀਸਮਾ ਦਿੱਤਾ ਗਿਆ ਹੈ। ਅਤੇ ਅਸੀਂ ਪਰਮੇਸਵਰ ਦੇ ਰਾਜ ਦੇ ਸਹਿਭਾਗੀ ਹਾਂ। ਜੇ ਕੋਈ ਸਾਡੇ ਵਿੱਚ ਓਪਰਾ ਹੈ। ਮੈਂ ਇੱਥੇ ਬਹੁਤ ਚਿਰ ਨਹੀਂ ਰਹਿੰਦਾ ਤੇ ਨਹੀਂ ਜਾਣਦਾ ਕਿ ਇਸ ਕਲੀਸੀਆ ਦੇ ਅੰਗ ਕੌਣ ਹਨ ਤੇ ਕੌਣ ਨਹੀਂ। ਯਾਦ ਰਹੇ, ਇਹ ਕੋਈ ਗੱਲ ਨਹੀਂ ਹੈ ਕਿ ਤੁਹਾਡਾ ਕਿਹੜਾ ਗਿਰਜਾ ਹੈ, ਇਸ ਗੱਲ ਦਾ ਇਹਦੇ ਨਾਲ ਕੋਈ ਵਾਸਤਾ ਨਹੀਂ ਹੈ। ਜਿਦਾਂ ਵੀ ਹੈ ਸਿਰਫ਼ ਇੱਕੋ ਹੀ ਕਲੀਸੀਆ ਹੈ ਤੇ ਤੁਸੀਂ ਉਸ ਵਿੱਚ ਸ਼ਾਮਿਲ ਨਹੀਂ ਹੁੰਦੇ। ਤੁਸੀਂ ਤਾਂ ਇਹਦੇ ਵਿੱਚ ਜਨਮ ਲੈਂਦੇ ਹੋ। ਇਹ ਠੀਕ ਹੈ। ਅਤੇ ਤੁਸੀਂ ਇਸ ਕਲੀਸੀਆ ਵਿੱਚ ਜਨਮੇ ਹੋ। ਅਤੇ ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਅੱਜ ਰਾਤ ਮਸੀਹ ਨੂੰ ਕਬੂਲ ਕਰੋਗੇ, ਜਦ ਅਸੀਂ ਉਹਦੇ ਟੁੱਟੇ ਹੋਏ ਬਦਨ ਨੂੰ ਯਾਦ ਕਰਦੇ ਹਾਂ ਤਾਂ ਉਹਦੇ ਨਾਲ ਸੰਗਗਤ ਕਰੋ। ਅਤੇ ਪਸਾਹ ਦੇ ਇਹਨਾਂ ਛੋਟੇ ਪਦਾਰਥਾਂ ਨੂੰ ਜਦ ਅਸੀਂ ਲੈਂਦੇ ਹਾਂ, ਕਾਸ਼ ਕਿ ਪਰਮੇਸ਼ਵਰ ਸਾਡੇ ਦਿਨਾਂ ਅਤੇ ਅੰਤਹਕਰਨ ਤੇ ਆਪਣਾ ਲਹੂ ਛਿੜਕੇ।

132 ਹੁਣ, ਉਹ ਪ੍ਰਭੂ ਭੋਜ ਨੂੰ ਅੱਗੇ ਲਿਆਉਣਗੇ ਅਤੇ ਹੁਣ ਅਸੀਂ 1 ਕੁਰੰਥੀਆਂ ਉਹਦਾ 11 ਅਧਿਆਏ ਪੜ੍ਹਾਂਗੇ। ਅਤੇ ਇਸ ਦੇ ਤੁਰੰਤ ਬਾਅਦ ਹੀ ਅਸੀਂ ਪ੍ਰਭੂ ਭੋਜ ਲਵਾਂਗੇ। ਅਤੇ ਅਸੀਂ ਨਿਹਚਾ ਕਰਦੇ ਹਾਂ ਕਿ ਪ੍ਰਭੂ ਤੁਹਾਨੂੰ ਬਰਕਤ ਦੇਵੇਗਾ। ਤਦ ਜਿਉਂ ਹੀ ਅਸੀਂ ਇਹ ਪੜ੍ਹਦੇ ਹਾਂ ਜਾਂ ਇਹਦੇ ਪੜ੍ਹਨ ਤੋਂ ਪਹਿਲਾਂ। ਜੇ ਤੁਸੀਂ ਜਾਣਾ ਹੀ ਹੈ, ਠੀਕ ਹੈ, ਤੁਸੀਂ ਸਹਿਜੇ ਨਾਲ ਜਾ ਸਕਦੇ ਹੋ। ਤੇ ਫਿਰ ਤੁਸੀਂ ਸਾਡੇ ਨਾਲ ਬੁੱਧਵਾਰ ਦੀ ਰਾਤ ਸ਼ਾਮਿਲ ਹੋਵੋ, ਅਤੇ ਐਤਵਾਰ ਨੂੰ ਸਵੇਰੇ ਤੇ ਐਤਵਾਰ ਦੀ ਰਾਤ ਨੂੰ। ਜੇ ਤੁਸੀਂ ਸਾਡੇ ਨਾਲ ਪ੍ਰਭੂ ਭੋਜ ਲੈਣ ਲਈ ਠਹਿਰ ਸਕਦੇ ਹੋ ਤਾਂ ਅਸੀਂ ਤੁਹਾਨੂੰ ਇਹ ਕਰਦੇ ਵੇਖ ਕੇ ਖੁਸ਼ ਹੋਵਾਂਗਾ, ਤੇ ਇਹਦੇ ਤੁਰੰਤ ਬਾਅਦ ਹੀ ਬਪਤੀਸਮੇ ਹੋਣਗੇ...ਜੋ ਕਿ ਪੰਦਰਾਂ ਜਾਂ ਵੀਹ ਮਿੰਟਾਂ ਵਿੱਚ ਹੋਣਗੇ ਮੇਰਾ ਅੰਦਾਜਾ ਹੈ। ਪਹਿਲੀ ਕੁਰੰਥੀਆਂ 11 ਅਧਿਆਏ, 23 ਆਇਤ।

*...ਮੈਂ ਤਾਂ ਇਹ ਗੱਲ ਪ੍ਰਭੂ ਤੋਂ ਪਾਈ ਸੀ ਜਿਹੜੀ ਤੁਹਾਨੂੰ ਸੌਂਪ ਦਿੱਤੀ ਭਈ ਪ੍ਰਭੂ ਨੇ ਜਿਸ ਰਾਤ...ਉਹ ਫੜਵਾਇਆ ਗਿਆ ਸੀ ਰੋਟੀ ਲਈ:*

*ਅਤੇ ਸ਼ੁੱਕਰ ਕਰਕੇ ਤੋੜੀ ਅਤੇ...ਕਿਹਾ, ਇਹ ਮੇਰਾ ਸ਼ਰੀਰ ਹੈ ਜੋ ਤੁਹਾਡੇ ਲਈ ਹੈ। ਮੇਰੀ ਯਾਦਗਿਰੀ ਲਈ ਇਹ ਕਰਿਆ ਕਰੋ।*

*ਇਸੇ ਤਰ੍ਹਾਂ ਉਸਨੇ ਭੋਜਨ ਖਾਣ ਤੋਂ ਪਿੱਛੋਂ ਪਿਆਲਾ ਵੀ ਲਿਆ ਅਤੇ ਕਿਹਾ ਜੋ ਇਹ ਪਿਆਲਾ ਮੇਰੇ ਲਹੂ ਵਿੱਚ ਨਵਾਂ ਨੇਮ ਹੈ। ਜਦ ਕਦੇ ਤੁਸੀਂ ਇਹ ਪੀਵੋ ਤਾਂ ਮੇਰੀ ਯਾਦਗਿਰੀ ਲਈ ਇਹ ਕਰਿਆ ਕਰੋ। ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪੀਓ ਤਾਂ ਤੁਸੀਂ ਪ੍ਰਭੂ ਦਾ ਮੌਤ ਦਾ ਪ੍ਰਚਾਰ ਕਰਦੇ ਰਹਿੰਦੇ ਹੋ ਜਦ ਤੀਕ ਉਹ ਨਾ ਆਵੇ।*

*ਇਸ ਕਰਕੇ ਜੋ ਕੋਈ ਅਜੋਗਤਾ ਨਾਲ ਇਹ ਰੋਟੀ ਖਾਵੇ...ਅਤੇ ਪ੍ਰਭੂ ਦਾ ਪਿਆਲਾ ਪੀਵੇ ਸੋ ਪ੍ਰਭੂ ਦੇ ਸ਼ਰੀਰ ਅਤੇ ਲਹੂ ਦਾ ਦੋਸ਼ੀ ਹੋਵੇਗਾ।*

*ਪਰ ਮਨੁੱਖ ਆਪਣੇ ਆਪ ਨੂੰ ਪਰਖੇ। ਅਤੇ ਇਉਂ ਇਸ ਰੋਟੀ ਵਿੱਚੋਂ ਖਾਵੇ ਅਤੇ ਪਿਆਲੇ ਵਿੱਚੋਂ ਪੀਵੇ।*

*ਕਿਉਂਕਿ ਜਿਹੜਾ ਖਾਂਦਾ ਅਤੇ ਪੀਂਦਾ ਹੈ ਜੇ ਉਹ ਸ਼ਰੀਰ ਦੀ ਜਾਂਚ ਨਾ ਕਰੇ ਤਾਂ ਆਪਣੇ ਉੱਪਰ ਡੰਨ ਲਾ ਕੇ ਖਾਂਦਾ ਪੀਂਦਾ ਹੈ।*

*ਇਸ ਕਰਕੇ ਬਾਹਲੇ ਤੁਹਾਡੇ ਵਿੱਚ ਨਿਤਾਣੇ ਅਤੇ ਰੋਗੀ ਹਨ ਅਤੇ ਕਈ ਕੁ ਸੁੱਤੇ ਪਏ ਹਨ।*

*ਪਰ ਜੇ ਅਸੀਂ ਆਪਣੇ ਆਪ ਨੂੰ ਜਾਂਚਦੇ ਹਾਂ ਤਾਂ ਜਾਂਚੇ ਨਹੀਂ ਜਾਂਦੇ।*

*ਪਰ ਜਾਂ ਜਾਂਚੇ ਜਾਂਦੇ ਹਾਂ ਤਾਂ ਪ੍ਰਭੂ ਤੋਂ ਤਾੜੇ ਜਾਂਦੇ ਹਾਂ ਜੋ ਅਸੀਂ ਸੰਸਾਰ ਦੇ ਨਾਲ ਦੋਸ਼ੀ ਠਹਿਰਾਏ ਨਾ ਜਾਈਏ।*

*ਸੋ ਹੇ ਭਰਾਵੋ ਜਾਂ ਤੁਸੀਂ ਖਾਣ ਲਈ ਇਕੱਠੇ ਹੋਵੋ ਤਾਂ ਇੱਕ ਦੂਜੇ ਦੀ ਉਡੀਕ ਕਰੋ।*

133 ਹੁਣ, ਸਾਡੇ ਸਭਨਾ ਲਈ ਇੱਕ ਛਣ ਲਈ ਦਿਲ ਵਿੱਚ ਹੀ ਪ੍ਰਾਰਥਨਾ ਕਰਨਾ। ਮੇਰੇ ਲਈ ਪ੍ਰਾਰਥਨਾ ਕਰੋ ਜਿਵੇਂ ਕਿ ਮੈਂ ਤੁਹਾਡੇ ਲਈ ਪ੍ਰਾਰਥਨਾ ਕਰਦਾ ਹਾਂ। [ਭਾਈ ਬ੍ਰਾਨਹਮ ਰੁਕਦੇ ਹਨ-ਸੰਪਾ]

ਸਰਬਸ਼ਕਤੀਮਾਨ ਪਰਮੇਸ਼ਵਰ ਇਹਨਾਂ ਬੇਨਤੀਆਂ ਨੂੰ ਬਖਸ਼ ਦੇ। ਸਾਡੇ ਅਪਰਾਧਾਂ ਨੂੰ ਮਾਫ ਕਰ, ਜਿਵੇਂ ਕਿ ਅਸੀਂ ਦੂਜਿਆਂ ਦੇ ਅਪਰਾਧ ਮਾਫ ਕਰਦੇ ਹਾਂ। ਅਸੀਂ ਇਹ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ ਆਮੀਨ।

134 ਇਹ ਕੋਸ਼ੇਰ ਰੋਟੀ ਦੇ ਛੋਟੇ ਟੁਕੜੇ ਜਿਹੜੀ ਕਿ ਖਮੀਰ ਤੋਂ ਬਗੈਰ ਤਿਆਰ ਕੀਤੀ ਗਈ ਹੈ ਅਤੇ ਵਗੈਰਾ ਵਗੈਰਾ। ਜੋ ਕਿ ਪ੍ਰਭੂ ਦੀ ਦੇਹ ਨੂੰ ਦਰਸਾਉਂਦੀ ਹੈ। ਇਹ ਗੋਲ ਨਹੀਂ ਹੈ। ਤੇ ਇਹਦੇ ਟੁਕੜੇ ਕੀਤੇ ਗਏ ਹਨ। ਇਹ ਇਸ ਲਈ ਕਿ ਇਹਦਾ ਅਰਥ ਹੈ ਕਿ ਉਹਦਾ ਟੁੱਟਾ ਹੋਇਆ ਬਦਨ ਜੋ ਕਿ ਸਾਡੇ ਲਈ ਤੋੜਿਆ ਗਿਆ। ਕਾਸ਼ ਕਿ ਪ੍ਰਭੂ ਆਪਣੀਆਂ ਬਰਕਤਾਂ ਸਭਨਾਂ ਨੂੰ ਬਖਸ਼ੇ ਜਿਹਦੇ ਇਹ ਨੂੰ ਖਾਂਦੇ ਹਨ। ਹੁਣ, ਤਾਂ ਬਦਨ ਨਹੀਂ ਹੈ ਪਰ ਇਹ ਬਦਨ ਨੂੰ ਦਰਸਾਉਂਦਾ ਹੈ। ਮੇਰੇ ਕੋਈ ਸ਼ਕਤੀ ਨਹੀਂ ਹੈ ਨਾ ਹੀ ਕਿਸੇ ਹੋਰ ਕੋਲ ਹੀ ਨਹੀਂ ਕਿ ਇਹਨੂੰ ਰੋਟੀ ਤੋਂ ਕੁਝ ਹੋਰ ਬਣਾਵੇ। ਸਿਰਫ਼ ਪਰਮੇਸ਼ਵਰ ਹੀ ਇਹ ਕਰ ਸਕਦਾ ਹੈ। ਅਤੇ ਇਹੋ ਹੀ ਉਹਨੇ ਸਾਨੂੰ ਦੱਸਿਆ ਹੈ ਕਿ ਇਸ ਰੋਟੀ ਨੂੰ ਖਾਓ ਤੇ ਇਸ ਦਾਖਰਸ ਦੇ ਪਿਆਲੇ ਨੂੰ ਪੀਓ। ਹੁਣ ਆਓ ਅਸੀਂ ਆਪਣੇ ਸਿਰਾਂ ਨੂੰ ਝੁਕਾਈਏ।

135 ਅੱਤ ਪਵਿੱਤਰ ਪਰਮੇਸ਼ਵਰ ਜਿਹਦੇ ਸੇਵਕ ਅਸੀਂ ਹਾਂ। ਯਿਸੂ ਮਸੀਹ ਦੇ ਨਾਮ ਵਿੱਚ ਜਿਸ ਮਕਸਦ ਲਈ ਇਹ ਰੋਟੀ ਹੈ ਇਹਨੂੰ ਪਾਕ ਕਰ। ਇਸਨੂੰ ਲੈਣ ਲਈ ਸਾਨੂੰ ਤਿਆਰ ਕਰ ਜਿਵੇਂ ਕਿ ਅਸੀਂ ਇਸਨੂੰ ਲੈਂਦੇ ਹਾਂ ਅਤੇ ਯਾਦ ਰੱਖੋ ਕਿ ਸਾਡਾ ਪ੍ਰਭੂ ਸਲੀਬ ਦਿੱਤਾ ਗਿਆ ਸੀ; ਤੇ ਉਹਦਾ, ਸ਼ਰੀਰ ਬੇਸ਼ਕੀਮਤ ਅਤੇ ਪਾਕ ਜਿਦਾਂ ਕਿ ਉਹ ਸੀ ਕੋਟਲਿਆਂ ਕੰਢੇ ਅਤੇ ਕਿੱਲਾਂ ਨਾਲ ਉਹ ਮਿਲਾਇਆ ਗਿਆ ਸਾਡੇ ਲਈ। ਉਹਦੇ ਤੋੜੇ ਗਏ ਸ਼ਰੀਰ ਵਿੱਚੋਂ ਆਤਮਾ ਨਿਕਲਿਆ ਜੋ ਕਿ ਸਾਨੂੰ ਸਦੀਪਕ ਜੀਵਨ ਦਿੰਦਾ ਹੈ। ਕਾਸ਼ ਕਿ ਪ੍ਰਭੂ ਜਿਵੇਂ ਅਸੀਂ ਇਹਨੂੰ ਖਾਂਦੇ ਹਾਂ ਸਫ਼ਰ ਕਰਨ ਲਈ ਕਿਰਪਾ ਮਿਲੇ। ਅਤੇ ਜਿਦਾਂ ਇਸਰਾਏਲ ਨੇ ਉਜਾੜ ਨੇ ਚਾਲੀ ਸਾਲ ਤਕ ਸਫ਼ਰ ਕੀਤਾ, ਅਤੇ ਕੋਈ ਉਹਨਾਂ ਵਿੱਚ ਕੋਈ ਕਮਜੋਰ ਨਾ ਪਾਇਆ ਗਿਆ। ਪਰਮੇਸ਼ਵਰ ਪਿਤਾ, ਇਹ ਬਖਸ਼ ਦੇ, ਜਿਵੇਂ ਅਸੀਂ ਪ੍ਰਾਰਥਨਾ ਕਰਦੇ ਹਾਂ ਤੂੰ ਇਸ ਰੋਟੀ ਨੂੰ ਪਾਕ ਕਰ ਇਸ ਕੋਸ਼ੇਰ ਰੋਟੀ ਨੂੰ ਜਿਹਦੇ ਲਈ ਇਹ ਤਿਆਰ ਕੀਤੀ ਗਈ ਹੈ, ਯਿਸੂ ਦੇ ਨਾਮ ਵਿੱਚ। ਆਮੀਨ।

136 ਨਵੇਂ ਨੇਮ ਦਾ ਪਿਆਲਾ, ਲਹੂ। ਮੈਂ ਉਸ ਗੀਤ ਨੂੰ ਸੋਚਦਾ ਹਾਂ, "ਜਦੋਂ ਮੈਂ ਨਿਹਚਾ ਦੇ ਦੁਆਰਾ ਉਸ ਧਾਰ ਨੂੰ ਵੇਖਿਆ ਹੈ ਜਿਹੜੀ ਤੇਰੇ ਵਗਦੇ ਜਖਮਾਂ ਵਿੱਚੋਂ ਨਿਕਲ ਦੀ ਹੈ, ਨਿਸਤਾਰਾ ਦੇਣ ਵਾਲਾ ਪ੍ਰੇਮ ਮੇਰਾ ਨਿਸ਼ਾਨਾ ਰਿਹਾ ਹੈ, ਤੇ ਰਹੇਗਾ ਜਦ ਤਕ ਮੈਂ ਮਰ ਨਹੀਂ ਜਾਂਦਾ"। ਜਦ ਮੈਂ ਇਹ ਲਹੂ ਵੇਖਦਾ ਹਾਂ, ਅੰਗੂਰ, ਅੰਗੂਰਾਂ ਦਾ ਲਹੂ, ਮੈਂ ਜਾਣਦਾ ਹਾਂ ਕਿ ਉਹ ਉਸ ਲਹੂ ਨੂੰ ਦਰਸਾਉਂਦਾ ਹੈ ਜੋ ਕਿ ਪ੍ਰਭੂ ਯਿਸੂ ਦੇ ਸ਼ਰੀਰ ਵਿੱਚ ਨਿਕਲਿਆ। ਕਾਸ਼ ਕਿ ਜੋ ਕੋਈ ਵੀ ਇਹ ਨੂੰ ਲਵੇ ਉਹਨੂੰ ਸਦੀਪਕ ਜੀਵਨ ਮਿਲੇ। ਕਾਸ਼ ਕਿ ਬਿਮਾਰੀ ਉਹਨਾਂ ਦੇ ਸ਼ਰੀਰਾਂ ਵਿੱਚੋਂ ਜਾਂਦੀ ਰਹੇ। ਕਾਸ਼ ਕਿ ਸਾਦਗੀ ਕਮਜੋਰੀ ਸਤਾਇਆ ਜਾਣਾ। ਕਾਸ਼ ਕਿ ਸ਼ੈਤਾਨ ਹਰ ਰੂਪ ਵਿੱਚ ਉਹਨਾਂ ਨੂੰ ਛੱਡ ਜਾਵੇ। ਤਾਂ ਕਿ ਉਹਨਾਂ ਨੂੰ ਚੰਗੀ ਤਾਕਤ, ਸੇਹਤ ਅਤੇ ਸਦੀਪਕ ਜੀਵਨ ਮਿਲ ਸਕੇ। ਤਾਂ ਕਿ ਉਹਨਾਂ ਦੀ ਰੋਸ਼ਨੀ ਇਸ ਬੁਰੀ ਤੇ

ਵਿਭਚਾਰੀ ਪੀੜ੍ਹੀ ਦੇ ਸਾਹਮਣੇ ਜਿਹਦੇ ਵਿੱਚ ਅਸੀਂ ਰਹਿੰਦੇ ਹਾਂ, ਪਰਮੇਸ਼ਵਰ ਦੀ ਮਹਿਮਾ ਲਈ ਚਮਕ ਸਕੇ।

137 ਸੁਰਗੀ ਪਿਤਾ, ਅਸੀਂ ਅੰਗੂਰ ਦੀ ਵੇਲ ਦਾ ਫਲ ਤੇਰੇ ਸਾਹਮਣੇ ਪੇਸ਼ ਕਰਦੇ ਹਾਂ। ਯਿਸੂ ਮਸੀਹ ਦੇ ਨਾਮ ਵਿੱਚ ਆਪਣੇ ਪੁੱਤਰ ਯਿਸੂ ਮਸੀਹ ਦੇ ਲਹੂ ਨੂੰ ਦਰਸਾਉਣ ਲਈ ਇਹ ਪਾਕ ਕਰ। ਇਹਦੇ ਵਿੱਚ ਸਾਨੂੰ ਮਿਲਦਾ ਹੈ, "ਸਾਰੇ ਅਪਰਾਧਾਂ ਲਈ ਉਹ ਘਾਇਲ ਹੋਇਆ, ਅਤੇ ਅਸੀਂ ਉਹਦੇ ਕੋੜੇ ਖਾਣ ਨਾਲ ਅਸੀਂ ਨਰੋਏ ਕੀਤੇ ਗਏ"। ਪ੍ਰਭੂ, ਬਖਸ਼ ਦੇ ਕਿ ਜਿਊਣ ਸਾਡੇ ਕੋਲ ਆਏ। ਸਦੀਪਕ ਜਿਊਣ ਬਹੁਤਾਇਤ ਵਿੱਚ ਸਾਡੇ ਕੋਲ ਆਏ ਤਾਂ ਕਿ ਅਸੀਂ ਤੇਰੀ ਸੇਵਾ ਕਰਨ ਦੇ ਜੋਗ ਹੋ ਸਕੀਏ। ਸਾਨੂੰ ਤਾਕਤ ਤੇ ਸੇਹਤ ਮਿਲੇ, ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਜਿੱਥੇ ਅਸੀਂ ਤੇਰੀ ਸੇਵਾ ਦੀ ਆਸ ਕਰਦੇ ਹਾਂ, ਜਿੱਥੇ ਤੂੰ ਸਾਨੂੰ ਸੱਦੇਂਗਾ। ਇਹਨਾਂ ਬਰਕਤਾਂ ਨੂੰ ਯਿਸੂ ਮਸੀਹ ਦੇ ਨਾਂ ਵਿੱਚ ਬਖਸ਼ ਦੇ, ਅਸੀਂ ਪ੍ਰਾਰਥਨਾ ਕਰਦੇ ਹਾਂ। ਆਮੀਨ।

**ਪ੍ਰਭੂ ਭੋਜ** PUN62-0204

(Communion)

ਇਹ ਸੰਦੇਸ਼ ਭਾਈ ਵਿਲਿਅਮ ਮੈਰਿਅਨ ਬ੍ਰਾਨਹਮ ਦੁਆਰਾ ਐਤਵਾਰ ਸ਼ਾਮ 4 ਫ਼ਰਵਰੀ ਸੰਨ 1962 ਵਿੱਚ, ਬ੍ਰਾਨਹਮ ਡੇਰਾ ਜੈਫਰਸਨਵਿਲੇ ਇੰਡਿਆਨਾ ਯੂ. ਐਸ. ਏ. ਵਿੱਚ ਹੋਇਆ। ਇਸ ਸੰਦੇਸ਼ ਦਾ ਨੰਬਰ 62-0204 ਹੈ ਜੋ ਕਿ ਇੱਕ ਘੰਟਾ ਸਤਾਈ ਮਿੰਟ ਦਾ ਹੈ। ਹਰੇਕ ਯਤਨ ਇਸ ਬੋਲੇ ਹੋਏ ਵਚਨ ਨੂੰ ਮੈਗਨੇਟਿਕ ਟੇਪ ਰਕਾਰਡਿੰਗ ਵਿੱਚੋਂ ਲੈ ਕੇ ਲਿਖਤੀ ਰੂਪ ਕਰਨ ਲਈ ਕੀਤਾ ਗਿਆ ਹੈ। ਅਤੇ ਇਹ ਵੋਈਸ ਆਫ਼ ਗੋਡ ਰਿਕਾਰਡਿੰਗ ਵੱਲੋਂ ਹੀ ਛਾਪਿਆ ਗਿਆ ਅਤੇ ਵੰਡਿਆ ਗਿਆ ਹੈ।

PUNJABI

©2020 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:

Voice Of God Recordings
P.O. Box 950, Jeffersonville, Indiana 47131 U.S.A.
www.branham.org